**ਮਿਤੀ 14.10.2015 ਨੂੰ ਮਾਨਯੋਗ ਸ਼੍ਰੀਚੁੰਨੀ ਲਾਲ ਭਗਤ, ਕਿਰਤ ਮੰਤਰੀ-ਕਮ-ਚੇਅਰਮੈਨ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਹੋਈ 18ਵੀਂ ਮੀਟਿੰਗ ਦੀ ਕਾਰਵਾਈ ਰਿਪੋਰਟ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ 18ਵੀ ਮੀਟਿੰਗ,ਮਾਨਯੋਗ ਸ੍ਰੀ ਚੁੰਨੀ ਲਾਲ ਭਗਤ, ਚੇਅਰਮੈਨ ਬੋਰਡ-ਕਮ-ਕਿਰਤ ਮੰਤਰੀ ਪੰਜਾਬਜੀ ਦੀ ਪ੍ਰਧਾਨਗੀ ਹੇਠ ਮਿਤੀ 14.10.2015 ਨੂੰ ਸਮਾਂ 12.00 ਵਜੇ (ਦੁਪਹਿਰ) ਸਰਕਟ ਹਾਊਸ, ਸੈਕਟਰ 39, ਚੰਡੀਗੜ੍ਹ ਵਿਖੇ ਹੋਈ।ਮੀਟਿੰਗ ਵਿੱਚ ਉਪਸਥਿਤ ਮੈਂਬਰਾਂ/ਪ੍ਰਤੀਨਿਧਾਂ ਦੇ ਨਾਮ ਅਨੁਲੱਗ 'ੳ' ਵਿੱਚ ਦਰਜ ਕੀਤੇ ਗਏ ਹਨ।

ਮੀਟਿੰਗ ਦੇ ਅਰੰਭ ਵਿੱਚ ਸ੍ਰੀ ਹਰੀਸ਼ ਨਈਅਰ, ਵਧੀਕ ਕਿਰਤ ਕਮਿਸ਼ਨਰ ਜਿਨ੍ਹਾਂ ਪਾਸ ਕਿਰਤ ਕਮਿਸ਼ਨਰ ਪੰਜਾਬ-ਕਮ-ਸਕੱਤਰ ਬੋਰਡ ਦਾ ਵਾਧੂ ਚਾਰਜ ਹੈ, ਵਲੋਂ ਮਾਨਯੋਗ ਕਿਰਤ ਮੰਤਰੀ ਪੰਜਾਬ-ਕਮ-ਚੇਅਰਮੈਨ ਬੋਰਡ ਜੀ ਨੂੰ ਅਤੇ ਬਾਕੀ ਮੈਂਬਰ ਸਾਹਿਬਾਨ ਨੂੰ "ਜੀ ਆਇਆ" ਆਖਿਆ ਗਿਆ। ਇਸ ਉਪਰੰਤ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਮੀਟਿੰਗ ਦੀ ਕਾਰਵਾਈ ਆਰੰਭ ਹੋਈ। ਮੈਂਬਰ ਸਕੱਤਰ ਵਲੋਂ ਮੀਟਿੰਗ ਦੇ ਵੱਖ-ਵੱਖ ਅਜੰਡਿਆਂ ਬਾਰੇ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦਿਤੀ ਗਈ, ਜਿਨ੍ਹਾਂ ਬਾਰੇ ਬੋਰਡ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਆਈਟਮ ਨੰ:1** **<u>ਬੋਰਡ ਦੀ 17ਵੀਂ ਮੀਟਿੰਗ ਮਿਤੀ 24.6.2015 ਦੀ ਕਾਰਵਾਈ ਦੀ ਪੁਸ਼ਟੀ।</u>**

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੀ ਮਿਤੀ 24.6.2015 ਨੂੰ ਹੋਈ 17ਵੀਂ ਮੀਟਿੰਗ ਦੀ ਕਾਰਵਾਈ ਸਮੂਹ ਮੈਂਬਰ ਸਾਹਿਬਾਨ ਨੂੰ ਪੱਤਰ ਨੰ:ਬਕਵਵਬ/ਮੀਟਿੰਗ/2015-16/3531-3540 ਮਿਤੀ 16.7.2015 ਰਾਹੀਂ ਭੇਜ ਦਿਤੀ ਗਈ ਸੀ, ਜਿਸ ਬਾਰੇ ਕਿਸੇ ਮੈਂਬਰ ਪਾਸੋਂ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ, ਇਸ ਅਨੁਸਾਰ ਬੋਰਡ ਵਲੋਂ 17ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਆਈਟਮ ਨੰ:2** **<u>ਬੋਰਡ ਦੀ 17ਵੀਂ ਮੀਟਿੰਗ ਵਿਚ ਲਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ।</u>**

ਮੈਂਬਰ ਸਕੱਤਰ ਵਲੋਂ ਬੋਰਡ ਦੀ 17ਵੀਂ ਮੀਟਿੰਗ ਸਬੰਧੀ ਆਈਟਮ ਵਾਈਜ ਕੀਤੀ ਕਾਰਵਾਈ ਬਾਰੇ ਐਨੋਟੇਟਿਡ ਫਾਰਮ ਵਿਚ ਮੈਂਬਰਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿਤੀ ਗਈ। ਮੈਂਬਰ ਸਾਹਿਬਾਨ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਆਈਟਮ ਵਿਚ ਹੇਠ ਲਿਖੀਆਂ ਮੱਦਾਂ ਤੇ ਪੁਨਰ ਵਿਚਾਰ ਕਰਦੇ ਹੋਏ ਹੇਠ ਲਿਖੇ ਅਨੁਸਾਰ ਮੁੜ ਫੈਸਲੇ ਲਏ ਗਏ:-

**12ਵੀਂ ਮੀਟਿੰਗ ਅਜੰਡਾ ਆਈਟਮ ਨੰ: 8** — **ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿੱਚ 9ਵੀਂ ਤੋਂ 12ਵੀਂ ਤੱਕ ਪੜ੍ਹਾਈ ਦੌਰਾਨ ਸਾਈਕਲ ਦੀ ਖ੍ਰੀਦ ਲਈ ਸਾਈਕਲ ਸਕੀਮ।**

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਕੰਟਰੋਲਰ ਆਫ ਸਟੋਰਜ਼ ਪੰਜਾਬ ਚੰਡੀਗੜ੍ਹ ਨੂੰ ਪੱਤਰ ਨੰ: 4292 ਮਿਤੀ 19.8.2015 ਰਾਹੀਂ ਸਾਈਕਲਾਂ ਦੇ ਰੇਟ ਕੰਟਰੈਕਟ ਨਿਰਧਾਰਤ ਕਰਨ ਬਾਰੇ ਲਿਖਿਆ ਗਿਆ ਸੀ। ਲੇਕਿਨ ਉਨ੍ਹਾਂ ਵਲੋਂ ਆਪਣੇ ਪੱਤਰ ਮਿਤੀ 8.9.2015 ਰਾਹੀਂ ਦੱਸਿਆ ਹੈ ਕਿ ਜੇਕਰ ਉਨ੍ਹਾਂ ਦੇ ਵਿਭਾਗ ਰਾਹੀਂ ਟੈਂਡਰ ਦੇਣੇ ਹਨ ਤਾਂ ਉਹ ਖ੍ਰੀਦ ਕੀਤੀ ਜਾਣ ਵਾਲੀ ਮੱਦ ਦੀ ਕੁੱਲ ਕੀਮਤ ਤੇ 2% ਵਿਭਾਗੀ ਚਾਰਜਿਜ਼ ਲੈਣਗੇ।

ਇਸ ਤੋਂ ਇਲਾਵਾ ਰਾਜ ਦੇ ਸਾਰੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰਾਂ ਨੂੰ ਵੀ ਪੱਤਰ ਨੰ: 4366-88 ਮਿਤੀ 24.8.2015 ਰਾਹੀਂ ਲਿਖਿਆ ਗਿਆ ਸੀ ਕਿ ਬੋਰਡ ਦੇ ਫੈਸਲੇ ਅਨੁਸਾਰ ਉਨ੍ਹਾਂ ਦੇ ਸਰਕਲ ਵਿੱਚ ਕਿੰਨੇ "ਵਿਸ਼ਾਲੀ" ਸਾਈਕਲ ਲੈਣ ਦੇ ਚਾਹਵਾਨ ਲਾਭਪਾਤਰੀ ਹਨ ਉਨ੍ਹਾਂ ਦੇ ਵੇਰਵੇ ਭੇਜੇ ਜਾਣ। ਉਨ੍ਹਾਂ ਪਾਸੋਂ ਪ੍ਰਾਪਤ ਸੂਚਨਾ ਅਨੁਸਾਰ 1371 ਸਾਈਕਲਾਂ ਦੀ ਮੰਗ ਪ੍ਰਾਪਤ ਹੋਈ ਹੈ। ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਸਰਵ-ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਸਾਈਕਲਾਂ ਦੀ ਕੁਆਲਿਟੀ ਅਤੇ ਪਾਰਦਰਸ਼ਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਈਕਲਾਂ ਦਾ ਰੇਟ ਕੰਟਰੈਕਟ,"ਕੰਟਰੋਲਰ ਆਫ ਸਟੋਰਜ਼" ਪੰਜਾਬ ਰਾਹੀਂ ਟੈਂਡਰ ਦੇਕੇ ਨਿਰਧਾਰਿਤ ਕੀਤਾ ਜਾਵੇ ਅਤੇ ਇਸ ਮੰਤਵ ਲਈ ਜੇਕਰ ਸਬੰਧਤ ਵਿਭਾਗ ਦੀ ਮੰਗ ਅਨੁਸਾਰ ਕੁੱਲ ਕੀਮਤ ਤੇ 2% ਵਿਭਾਗੀ ਚਾਰਜਿਜ਼ ਦੇਣੇ ਪੈਂਦੇ ਹਨ ਤਾਂ ਉਸ ਵਿੱਚ ਬੋਰਡ ਨੂੰ ਕੋਈ ਇਤਰਾਜ ਨਹੀਂ ਹੈ। ਇਹ ਵੀ ਫੈਸਲਾ ਲਿਆ ਗਿਆ ਕਿ ਕਿਉਂ ਜ਼ੋ ਕੰਟਰੋਲਰ ਆਫ ਸਟੋਰਜ਼ ਰਾਹੀਂ ਟੈਂਡਰ ਦੇਣ ਦੀ ਪ੍ਰਕ੍ਰਿਆ ਵਿੱਚ ਸਮਾਂ ਲੱਗ ਸਕਦਾ ਹੈ ਇਸ ਲਈ ਬੋਰਡ ਵਲੋਂ ਪਹਿਲਾਂ ਆਪਣੀ ਪੱਧਰ ਤੇ ਦਿਤੇ ਟੈਂਡਰ ਅਨੁਸਾਰ ਮੈਸ: ਵਿਸ਼ਾਲ ਸਾਈਕਲਜ਼ ਲੁਧਿਆਣਾ ਪਾਸੋਂ ਸਭ ਤੋਂ ਘਟ ਰੇਟ ਜੋਕਿ ਜੈਂਟਸ ਸਾਈਕਲ ਦੇ 22" ਅਤੇ 24" ਦੇ ਕ੍ਰਮਵਾਰ 2727/- ਅਤੇ 2736/- ਰੁਪਏ ਅਤੇ ਲੇਡੀਜ਼ ਸਾਈਕਲ ਦੇ 20" ਅਤੇ 22" ਦੇ ਕ੍ਰਮਵਾਰ 2627/- ਅਤੇ 2745/- ਰੁਪਏ ਪ੍ਰਤੀ ਸਾਈਕਲ ਹਨ, ਦੇ ਹਿਸਾਬ ਨਾਲ 500 ਸਾਈਕਲਾਂ ਦੀ ਖ੍ਰੀਦ ਤੁਰੰਤ ਕਰ ਲਈ ਜਾਵੇ ਤਾਂ ਜ਼ੋ ਇਹ ਸਾਈਕਲ ਮਾਨਯੋਗ ਚੇਅਰਮੈਨ ਜੀ ਵਲੋਂ ਲਾਭਪਾਤਰੀਆਂ ਦੇ ਬੱਚਿਆਂ ਨੂੰ ਆਪਣੇ ਕਰ-ਕਮਲਾਂ ਨਾਲ ਵੰਡੇ ਜਾ ਸਕਣ।

**15ਵੀਂ ਮੀਟਿੰਗ ਸਪਲੀਮੈਂਟਰੀ ਅਜੰਡਾ ਆਈਟਮ ਨੰ:2** — **Recognition of Prior Learning (RPL) ਦੇ concept ਨੂੰ ਆਧਾਰ ਮਨਦੇ ਹੋਏ ਪਹਿਲਾਂ ਪ੍ਰਵਾਨਤ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਅਪਗ੍ਰੇਡੇਸ਼ਨ ਅਤੇ ਉਨ੍ਹਾਂ ਦੇ ਬੱਚਿਆਂ ਲਈ ਵੋਕੇਸ਼ਨਲ ਐਜੂਕੇਸ਼ਨ ਸਕੀਮ ਵਿੱਚ ਸੋਧ ਕਰਨ ਅਤੇ ਸਕੀਮ ਦੇ latest status ਬਾਰੇ।**

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਵਲੋਂ ਐਮ.ਓ.ਯੂ ਹਸਤਾਖਰ ਕਰਕੇ ਮਿਤੀ 8.9.2015 ਨੂੰ ਵਾਪਸ ਭੇਜ਼ ਦਿਤਾ ਗਿਆ ਹੈ ਅਤੇ ਬੋਰਡ ਵਲੋਂ 1 ਕਰੋੜ ਰੁਪਏ ਦੀ ਰਾਸ਼ੀ ਸਕਿਲ ਡਿਵੈਲਪਮੈਂਟ ਮਿਸ਼ਨ ਪਾਸ ਮਿਤੀ 30.7.2015 ਨੂੰ ਜਮਾਂ ਕਰਵਾ ਦਿਤੀ ਗਈ ਸੀ। ਮਿਸ਼ਨ ਵਲੋਂ ਟਰੇਨਿੰਗ ਅਤੇ ਅਸੈਸਮੈਂਟ ਕੰਪਨੀਆਂ ਦੀ ਚੋਣ ਕੀਤੀ ਜਾ ਰਹੀ ਹੈ। ਵਿਚਾਰ ਵਟਾਂਦਰੇ ਦੌਰਾਨ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਪ੍ਰੇਖਣ ਕੀਤਾ ਗਿਆ ਕਿ ਕਿਉਂ ਜ਼ੋ ਆਰ.ਪੀ.ਐਲ ਸਕੀਮ ਨੂੰ ਲਾਗੂ ਕਰਨ ਵਿੱਚ ਪਹਿਲਾਂ ਹੀ ਕਾਫੀ ਦੇਰੀ ਹੋ ਚੁਕੀ ਹੈ, ਇਸ ਲਈ ਪ੍ਰਮੁੱਖ ਸਕੱਤਰ ਤਕਨੀਕੀ ਸਿਖਿਆ ਵਿਭਾਗ, ਪੰਜਾਬ ਨੂੰ ਇਕ ਅ.ਸ.ਪੱਤਰ ਜਾਰੀ ਕਰਦੇ ਹੋਏ ਇਹ ਸਕੀਮ ਜਲਦੀ ਤੋਂ ਜਲਦੀ ਲਾਗੂ ਕਰਵਾਉਣ ਲਈ ਬੇਨਤੀ ਕੀਤੀ ਜਾਵੇ। ਜਿਸ ਬਾਰੇ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

**16ਵੀਂ ਮੀਟਿੰਗ ਅਜੰਡਾ ਆਈਟਮ ਨੰ: 6** — **ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਪੰਜਾਬ ਸਰਵ ਸਿਹਤ ਬੀਮਾ ਯੋਜਨਾ (PSSBY) ਦੀ ਬਜਾਏ Assurance Mode ਅਧੀਨ ਨਵੀਂ RSBY ਸਕੀਮ ਅਡਾਪਟ ਕਰਨ ਬਾਰੇ।**

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਮੈਨੇਜਿੰਗ ਡਾਇਰੈਕਟਰ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨੂੰ ਇਸ ਦਫਤਰ ਦੇ ਅ.ਸ.ਪੱਤਰ ਨੰ: 4179 ਮਿਤੀ 14.8.2015 ਰਾਹੀਂ ਲਿਖਿਆ ਗਿਆ ਸੀ ਕਿ ਉਨ੍ਹਾਂ ਦੇ ਖਾਤੇ ਵਿੱਚ 5,70,28,500/- ਰੁਪਏ ਦੀ ਰਾਸ਼ੀ ਟ੍ਰਾਂਸਫਰ ਕਰਵਾ ਦਿਤੀ ਗਈ ਹੈ ਲੇਕਿਨ ਉਨ੍ਹਾਂ ਵਲੋਂ ਉਸਾਰੀ ਕਿਰਤੀਆਂ ਲਈ ਸਕੀਮ ਨੂੰ ਲਾਗੂ ਕਰਨ ਬਾਰੇ ਹਾਲਾਂ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਹੁਣ ਉਨ੍ਹਾਂ ਵਲੋਂ ਮਿਤੀ 14.10.2015 ਨੂੰ ਈ-ਮੇਲ ਰਾਹੀਂ ਦੱਸਿਆ ਗਿਆ ਕਿ ਉਨ੍ਹਾਂ ਵਲੋਂ ਭਗਤ ਪੂਰਨ ਸਿੰਘ ਸਰਵ ਸਿਹਤ ਬੀਮਾ ਯੋਜਨਾ ਚਲਾਈ ਗਈ ਹੈ ਜਿਸ ਤਹਿਤ 30,000/- ਰੁਪਏ ਦਾ ਕਵਰ ਹੈ ਅਤੇ ਇਸ ਦੀ enrolment ਹੋ ਰਹੀ ਹੈ ਜਿਸ ਵਿੱਚ ਉਸਾਰੀ ਕਿਰਤੀ ਵੀ enroll ਹੋ ਸਕਦੇ ਹਨ। ਲੇਕਿਨ ਜੇਕਰ 50,000/- ਦਾ ਕਵਰ ਦੇਣਾ ਹੈ ਤਾਂ ਨਵੇਂ ਟੈਂਡਰ ਦਿਤੇ ਜਾਣਗੇ।

ਇਸ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਕਿ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨੂੰ ਪੁਛ ਲਿਆ ਜਾਵੇ ਕਿ ਜੇਕਰ ਉਹ 30,000/- ਰੁਪਏ ਦੇ ਦੋ ਕਾਰਡ A ਅਤੇ B ਜਾਰੀ ਕਰ ਸਕਦੇ ਹਨ ਤਾਂ ਭਗਤ ਪੂਰਨ ਸਿੰਘ ਸਰਵ ਸਿਹਤ ਯੋਜਨਾ ਨੂੰ ਹੀ ਅਪਨਾ ਲਿਆ ਜਾਵੇ ਅਤੇ ਜੇਕਰ ਉਨ੍ਹਾਂ ਲਈ ਇਹ ਸੰਭਵ ਨਹੀਂ ਤਾਂ 50,000/- ਰੁਪਏ ਦੇ ਕਵਰ ਲਈ ਟੈਂਡਰ ਮੰਗਣ ਲਈ ਕਹਿ ਦਿਤਾ ਜਾਵੇ।

**17ਵੀਂ ਮੀਟਿੰਗ ਅਜੰਡਾ ਆਈਟਮ ਨੰ: 6** — **ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਰਾਜ ਦੇ ਚਾਰ ਸ਼ਹਿਰਾਂ ਵਿੱਚ ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਕਰਨ ਬਾਰੇ।**

ਮੈਂਬਰ ਸਕੱਤਰ ਵਲੋਂ ਬੋਰਡ ਦੁਆਰਾ ਰਾਜ ਦੇ ਚਾਰ ਸ਼ਹਿਰਾਂ ਅੰਮ੍ਰਿਤਸਰ, ਮੁਹਾਲੀ, ਲੁਧਿਆਣਾ ਅਤੇ ਜਲੰਧਰ ਵਿਖੇ ਉਸਾਰੇ ਜਾਣ ਵਾਲੇ ਚਾਰ ਸਕਿਲ ਡਿਵੈਲਪਮੈਂਟ ਸੈਂਟਰਾਂ ਲਈ ਜਮੀਨ ਦੀ ਖ੍ਰੀਦ ਤੋਂ ਲੈਕੇ ਉਸਾਰੀ ਦਾ ਕੰਮ ਅਲਾਟ ਕਰਨ ਤੱਕ ਮੌਜੂਦਾ ਸਟੇਟਸ ਬਾਰੇ ਮੁਕੰਮਲ ਜਾਣਕਾਰੀ ਦਿਤੀ ਗਈ। ਵਿਚਾਰ ਵਟਾਂਦਰੇ ਦੌਰਾਨ ਮਾਨਯੋਗ ਚੇਅਰਮੈਨ ਜੀ ਵਲੋਂ ਪ੍ਰੇਖਣ ਕੀਤਾ ਗਿਆ ਕਿ ਪੁੱਡਾ ਵਲੋਂ ਬਸਤੀ ਬਾਵਾ ਖੇਲ ਜਲੰਧਰ ਵਿਖੇ ਜਿਹੜੀ 2.16 ਏਕੜ ਜਮੀਨ 22000/- ਰੁਪਏ ਪ੍ਰਤੀ ਵ.ਗ ਦੇ ਹਿਸਾਬ ਨਾਲ ਕੁੱਲ 23.00 ਕਰੋੜ ਰੁਪਏ ਵਿੱਚ ਅਲਾਟ ਕਰਨ ਲਈ ਲਿਖਿਆ ਗਿਆ ਹੈ, ਇਹ ਕੀਮਤ ਬਹੁਤ ਜਿਆਦਾ ਹੈ ਅਤੇ ਇਸ ਬਾਰੇ ਸਬੰਧਤ ਅਥਾਰਿਟੀ ਨਾਲ ਰੇਟ ਘੱਟ ਕਰਨ ਲਈ ਤੁਰੰਤ ਗੱਲ ਕੀਤੀ ਜਾਣੀ ਚਾਹੀਦੀ ਹੈ। ਮੌਕੇ ਤੇ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਪ੍ਰੇਖਣ ਕੀਤਾ ਗਿਆ ਕਿ ਕਿਉਂ ਜ਼ੋ ਇਹ ਜਗ੍ਹਾ ਡੰਪਿੰਗ ਗਰਾਉਂਡ ਹੈ ਜਿਥੇ ਕਿ ਨਗਰ ਨਿਗਮ ਵਲੋਂ ਸ਼ਹਿਰ ਦਾ ਕੂੜਾ ਕਰਕਟ ਡੰਪ ਕੀਤਾ ਜਾਂਦਾ ਹੈ, ਇਸ ਲਈ ਇਸ ਜਗ੍ਹਾ ਦੀ ਕੀਮਤ ਕਾਫੀ ਘੱਟ ਹੋਣੀ ਚਾਹੀਦੀ ਹੈ। ਉਨ੍ਹਾਂ ਵਲੋਂ ਸ੍ਰੀ ਬੀਰਇੰਦਰਜੀਤ ਸਿੰਘ, ਪ੍ਰੋਜੈਕਟ ਡਾਇਰੈਕਟਰ ਨੂੰ ਕਿਹਾ ਗਿਆ ਕਿ ਇਸ ਸਬੰਧ ਵਿੱਚ ਉਹ ਪੁੱਡਾ ਨਾਲ ਨਿਜੀ ਪੱਧਰ ਤੇ ਗੱਲ ਬਾਤ ਕਰਕੇ ਘੱਟ ਤੋਂ ਘੱਟ ਰੇਟ ਤੇ ਬੋਰਡ ਨੂੰ ਜਮੀਨ ਅਲਾਟ ਕਰਵਾਉਣ ਲਈ ਕਾਰਵਾਈ ਕਰਨ ਅਤੇ ਆਪਣੀ ਰਿਪੋਟ ਇਕ ਹਫਤੇ ਵਿੱਚ ਪੇਸ਼ ਕਰਨ। ਇਸ ਬਾਰੇ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

ਮੌਕੇ ਤੇ ਸਕਿਲ ਡਿਵੈਲਪਮੈਂਟ ਸੈਂਟਰ ਲੁਧਿਆਣਾ ਦੇ ਸਬੰਧ ਵਿੱਚ ਸਕੱਤਰ ਬੋਰਡ ਜੀ ਵਲੋਂ ਦੱਸਿਆ ਗਿਆ ਕਿ ਗਲਾਡਾ ਵਲੋਂ ਬੋਰਡ ਨੂੰ 1.60 ਏਕੜ੍ਹ ਦੀ ਜਗ੍ਹਾ ਕੁੱਲ ਕੀਮਤ 7,74,40,000/- ਦੇ ਹਿਸਾਬ ਨਾਲ ਜਿਸ ਤੇ 2% ਕੈਂਸਰ ਸੈਸ ਲਿਆ ਜਾਵੇਗਾ letter of intent ਪ੍ਰਾਪਤ ਹੋਇਆ ਹੈ, ਜਿਸ ਰਾਹੀਂ ਉਨ੍ਹਾਂ ਦਾ ਕਹਿਣਾ ਹੈ ਕਿ ਕੁੱਲ ਕੀਮਤ ਦੀ 20% ਦੀ ਰਾਸ਼ੀ ਸਮੇਤ ਕੈਂਸਰ ਸੈਸ ਜਮ੍ਹਾ ਕਰਵਾਉਣ ਉਪਰੰਤ ਅਲਾਟਮੈਂਟ ਲੈਟਰ ਜਾਰੀ ਕੀਤਾ ਜਾਵੇਗਾ ਅਤੇ ਜੇਕਰ ਬਾਕੀ ਦੀ 80% ਰਾਸ਼ੀ ਯਕਮੁਸ਼ਤ ਅਲਾਟਮੈਂਟ ਲੈਟਰ ਜਾਰੀ ਹੋਣ ਦੇ 60 ਸਾਲਾਂ ਵਿੱਚ ਯਕਮੁਸ਼ਤ ਜਮ੍ਹਾ ਕਰਵਾਈ ਜਾਂਦੀ ਹੈ ਤਾਂ ਕੁੱਲ ਕੀਮਤ ਦੇ 80% ਤੇ 10% ਰਿਬੇਟ ਦਿੱਤੀ ਜਾਵੇਗੀ, ਪ੍ਰੰਤੂ ਕੈਂਸਰ ਸੈਸ ਵਿੱਚ ਕੋਈ ਛੋਟ ਨਹੀਂ ਦਿੱਤੀ ਜਾਵੇਗੀ। ਇਸ ਮੁੱਦੇ ਤੇ ਬੋਰਡ ਵਲੋਂ ਪ੍ਰਵਾਨਗੀ ਦਿੱਤੀ ਗਈ ਕਿ 80% ਦੀ ਰਾਸ਼ੀ ਯਕਮੁਸ਼ਤ ਅਲਾਟਮੈਂਟ ਪੱਤਰ ਦੇ ਜਾਰੀ ਹੋਣ ਤੋਂ 60 ਦਿਨਾਂ ਦੇ ਵਿੱਚ-ਵਿੱਚ ਯਕਮੁਸ਼ਤ ਗਲਾਡਾ ਨੂੰ ਦੇ ਦਿੱਤੀ ਜਾਵੇ ਤਾਂ ਜ਼ੋ ਬੋਰਡ ਨੂੰ 10% ਦਾ ਫਾਇਦਾ ਹੋ ਸਕੇ।

**17ਵੀਂ ਮੀਟਿੰਗ ਅਜੰਡਾ ਆਈਟਮ ਨੰ: 9** — **ਰਾਜ ਵਿੱਚ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਦੀ ਉਸਾਰੀ ਸਬੰਧੀ ਮੌਜੂਦਾ ਸਥਿਤੀ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੌਰਾਨ ਮੈਂਬਰ ਸਕੱਤਰ ਵਲੋਂ ਮੈਂਬਰ ਸਾਹਿਬਾਨ ਦਾ ਧਿਆਨ ਬੋਰਡ ਦੁਆਰਾ ਰਾਜ ਵਿੱਚ ਉਸਾਰੇ ਜਾ ਰਹੇ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਦੀ ਪ੍ਰਗਤੀ ਸਬੰਧੀ ਸਟੇਟਸ ਰਿਪੋਟ (**ਅਨੁਲੱਗ 'ੳ'**) ਵੱਲ ਦੁਆਇਆ, ਜਿਸ ਅਨੁਸਾਰ ਸਥਾਨਕ ਸਰਕਾਰ ਵਿਭਾਗ ਨੂੰ 10 ਸਾਈਟਾਂ, ਪੰਜਾਬ ਪੁਲੀਸ ਹਾਊਸਿੰਗ ਕਾਰਪੋਰੇਸ਼ਨ ਨੂੰ 14 ਸਾਈਟਾਂ ਅਤੇ ਲੋਕ ਨਿਰਮਾਣ ਵਿਭਾਗ ਫਿਰੋਜਪੁਰ ਨੂੰ 2 ਸਾਈਟਾਂ ਦੀ ਉਸਾਰੀ ਦਾ ਕੰਮ ਅਲਾਟ ਕੀਤਾ ਹੋਇਆ ਹੈ। ਮੌਕੇ ਤੇ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਪ੍ਰੇਖਣ ਕੀਤਾ ਗਿਆ ਕਿ ਇਨ੍ਹਾਂ ਸਾਈਟਾਂ ਤੇ ਉਸਾਰੀ ਦੇ ਕੰਮ ਵਿੱਚ ਬਿਨਾ ਵਜ੍ਹਾ ਦੇਰੀ ਕੀਤੀ ਜਾ ਰਹੀ ਹੈ। ਉਨ੍ਹਾਂ ਵਲੋਂ ਸਥਾਨਕ ਸਰਕਾਰ ਵਿਭਾਗ ਦੇ ਨੁਮਾਇੰਦੇ ਸ੍ਰੀ ਮਨਮੋਹਨ ਸਿੰਘ, ਇੰਜੀਨੀਅਰ ਇਨ ਚੀਫ ਨੂੰ ਹਦਾਇਤ ਕੀਤੀ ਗਈ ਕਿ ਉਨ੍ਹਾਂ ਦੇ ਵਿਭਾਗ ਨੂੰ ਅਲਾਟ ਕੀਤੀਆਂ ਸਾਰੀਆਂ ਸਾਈਟਾਂ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਦੀ ਉਸਾਰੀ ਦਾ ਕੰਮ ਮਿਤੀ 31.12.2015 ਤੱਕ ਹਰ ਹਾਲਤ ਵਿੱਚ ਮੁਕੰਮਲ ਹੋਣਾ ਚਾਹੀਦਾ ਹੈ। ਨਾਲ ਹੀ ਉਨ੍ਹਾਂ ਵਲੋਂ ਇਹ ਵੀ ਕਿਹਾ ਗਿਆ ਕਿ ਪੰਜਾਬ ਪੁਲੀਸ ਹਾਊਸਿੰਗ ਕਾਰਪੋਰੇਸ਼ਨ ਅਤੇ ਲੋਕ ਨਿਰਮਾਣ ਵਿਭਾਗ ਨੂੰ ਵੀ ਲਿਖਿਆ ਜਾਵੇ ਕਿ ਉਨ੍ਹਾਂ ਨੂੰ ਬੋਰਡ ਵਲੋਂ ਅਲਾਟ ਕੀਤੀਆਂ ਸਾਈਟਾਂ ਦਾ ਕੰਮ ਵੀ 31.12.2015 ਤੱਕ ਮੁਕੰਮਲ ਕੀਤਾ ਜਾਵੇ ਤਾਂ ਜ਼ੋ ਇਨ੍ਹਾਂ ਸਾਰੇ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਦਾ ਉਦਘਾਟਨ ਕਰਨ ਲਈ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕੀਤੀ ਜਾ ਸਕੇ। ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸਥਾਨਕ ਸਰਕਾਰ ਵਿਭਾਗ ਦੇ ਨੁਮਾਇੰਦੇ ਸ੍ਰੀ ਮਨਮੋਹਨ ਸਿੰਘ ਨੂੰ ਇਹ ਵੀ ਕਿਹਾ ਗਿਆ ਕਿ ਜਲੰਧਰ ਵਿਖੇ ਵੀ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਦੀ ਉਸਾਰੀ ਲਈ ਜਗ੍ਹਾ ਦੀ ਭਾਲ ਕਰਕੇ ਮੁਕੰਮਲ ਤਜਵੀਜ ਬੋਰਡ ਨੂੰ ਭੇਜੀ ਜਾਵੇ ਤਾਂ ਜ਼ੋ ਬੋਰਡ ਵਲੋਂ ਜਗ੍ਹਾ ਦੀ ਸੂਟੇਬਿਲਟੀ ਰਿਪੋਟ ਲੈਕੇ ਉਥੇ ਉਸਾਰੀ ਦਾ ਕੰਮ ਅਰੰਭ ਕਰਵਾਇਆ ਜਾ ਸਕੇ। ਬੋਰਡ ਵਲੋਂ ਇਸ ਨਾਲ ਸਹਿਮਤੀ ਪ੍ਰਗਟ ਕੀਤੀ ਗਈ।

**17ਵੀਂ ਮੀਟਿੰਗ ਅਜੰਡਾ ਆਈਟਮ ਨੰ: 11** — **Current Status of Model Welfare Centre and schedule of completion.**

ਮੈਂਬਰ ਸਕੱਤਰ ਵਲੋ ਪੰਜਾਬ ਪੁਲੀਸ ਹਾਊਸਿੰਗ ਕਾਰਪੋਰੇਸ਼ਨ ਦੁਆਰਾ ਮੁਹਾਲੀ ਵਿਖੇ ਮਾਡਲ ਵੈਲਫੇਅਰ ਸੈਂਟਰ ਦੀ ਉਸਾਰੀ ਜਾ ਰਹੀ ਬਿਲਡਿੰਗ ਦੀ ਪ੍ਰਗਤੀ ਬਾਰੇ ਮੈਂਬਰ ਸਾਹਿਬਾਨ ਨੂੰ ਜਾਣੂੰ ਕਰਵਾਇਆ ਗਿਆ ਅਤੇ

ਦੱਸਿਆ ਗਿਆ ਕਿ ਉਸਾਰੀ ਦਾ ਕੰਮ PPHC ਵਲੋਂ ਦਿਤੇ ਸ਼ਡਿਊਲ ਅਨੁਸਾਰ ਚਲ ਰਿਹਾ ਹੈ। ਜਿਸ ਨਾਲ ਮੈਂਬਰ ਸਾਹਿਬਾਨ ਵਲੋਂ ਸੰਤੁਸ਼ਟੀ ਪ੍ਰਗਟ ਕੀਤੀ ਗਈ।

18ਵੀਂ ਮੀਟਿੰਗ **ਅਜੰਡਾ ਆਈਟਮ ਨੰ:3**

**ਮਿਤੀ 1.4.2015 ਤੋਂ 30.9.2015 (ਵਿੱਤੀ ਸਾਲ 2015-16) ਦੋਰਾਨ ਬੋਰਡ ਦੇ ਆਮਦਨ ਅਤੇ ਖਰਚੇ ਦੀ ਸਥਿਤੀ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੋਰਾਨ ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਕਿਉਂ ਜ਼ੋ ਸਿਵਲ ਰਿਟ ਪਟੀਸ਼ਨ ਨੰ: 4847 ਆਫ 2014 ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਦਿਤੇ ਆਦੇਸ਼ ਅਨੁਸਾਰ ਸਕੱਤਰ ਬੋਰਡ ਵਲੋਂ ਅਗਲੀ ਪੇਸ਼ੀ ਮਿਤੀ 20.11.2015 ਤੋਂ ਪਹਿਲਾਂ ਮਾਨਯੋਗ ਅਦਾਲਤ ਵਿੱਚ ਹਲਫੀਆ ਬਿਆਨ ਦਾਇਰ ਕੀਤਾ ਜਾਣਾ ਹੈ, ਇਸ ਲਈ ਯੋਗ ਹੋਵੇਗਾ ਕਿ ਮਿਤੀ 17.10.2015 ਤੋਂ 6.11.2015 ਤੱਕ ਸਪੈਸ਼ਲ ਮੁੱਹਿਮ (special campaign) ਚਲਾਕੇ ਵੱਧ ਤੋਂ ਵੱਧ ਉਸਾਰੀ ਕਿਰਤੀਆਂ ਦੀ ਬਤੋਰ ਲਾਭਪਾਤਰੀ ਰਜਿਸਟ੍ਰੇਸ਼ਨ ਕੀਤੀ ਜਾਵੇ ਤਾਂ ਜ਼ੋ ਰਜਿਸਟ੍ਰੇਸ਼ਨ ਉਪਰੰਤ ਉਹ ਬੋਰਡ ਦੀਆਂ ਭਲਾਈ ਸਕੀਮਾਂ ਦਾ ਲਾਭ ਉਠਾ ਸਕਣ। ਬੋਰਡ ਵਲੋਂ ਇਸ ਨਾਲ ਸਹਿਮਤੀ ਪ੍ਰਗਟ ਕੀਤੀ ਗਈ।

18ਵੀਂ ਮੀਟਿੰਗ **ਅਜੰਡਾ ਆਈਟਮ ਨੰ:4**

**ਬੋਰਡ ਦੇ ਸਾਲ 2014-15 ਦੇ ਤਿਆਰ ਕੀਤੇ ਲੇਖੇ (Balance Sheet) ਦੀ ਪ੍ਰਵਾਨਗੀ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਬੋਰਡ ਦੇ ਸਾਲ 2014-15 ਦੇ ਤਿਆਰ ਕੀਤੇ ਲੇਖੇ (Balance Sheet) **ਅਨੁੱਲਗ 'ਅ'** ਪ੍ਰਵਾਨ ਕੀਤੇ ਗਏ।

18ਵੀਂ ਮੀਟਿੰਗ **ਅਜੰਡਾ ਆਈਟਮ** ਨੰ:5

**ਬੋਰਡ ਦੇ ਵਿੱਤੀ ਸਾਲ 2011-12 ਦੀ ਸੈਪਰਿਟ ਆਡਿਟ ਰਿਪੋਰਟ ਦੀਆਂ ਕਾਪੀਆਂ ਵਿਧਾਨਸਭਾ ਨੂੰ ਭੇਜਣ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਮਹਾਲੇਖਾਕਾਰ ਪੰਜਾਬ ਦੀ ਸੈਪਰਿਟ ਆਡਿਟ ਰਿਪੋਟ ਦੇ ਤਿਆਰ ਕੀਤੇ ਐਨੋਟੇਟਿਡ ਉੱਤਰ **ਅਨੁੱਲਗ 'ੲ'** ਦੀ ਪ੍ਰਵਾਨਗੀ ਦਿਤੀ ਗਈ।

18ਵੀਂ ਮੀਟਿੰਗ **ਆਈਟਮ** ਨੰ:6

**ਪੰਜਾਬ ਬੀ.ਓ.ਸੀ ਬੋਰਡ ਵਿੱਚ ਦੀ "ਸਕਿਲ ਡਿਵੈਲਪਮੈਂਟ" ਅਤੇ ਵੋਕੇਸ਼ਨਲ ਅਜੰਡਾ ਐਜੂਕੇਸ਼ਨ ਸਕੀਮ" ਦੇ ਪ੍ਰੋਜੈਕਟ ਲਈ ਪ੍ਰੋਜੈਕਟ ਮੈਨੇਜਰ/ਜਨਰਲ ਮੈਨੇਜਰ ਦੀ ਪੋਸਟ ਦੀ ਰਚਨਾ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਸਕਿਲ ਡਿਵੈਲਪਮੈਂਟ ਅਤੇ ਵੋਕੇਸ਼ਨਲ ਅਜੂਕੇਸ਼ਨ ਸਕੀਮ ਅਧੀਨ ਇਕ ਪ੍ਰੋਜੈਕਟ ਮੈਨੇਜਰ/ਜਨਰਲ ਮੈਨੇਜਰ ਦੀ ਅਸਾਮੀ ਦੀ ਰਚਨਾ ਦੀ ਪ੍ਰਵਾਨਗੀ ਦਿਤੀ ਗਈ ਅਤੇ ਕਿਹਾ ਗਿਆ ਕਿ ਇਹ ਅਸਾਮੀ ਅਖਬਾਰਾਂ ਵਿੱਚ ਇਸ਼ਤਿਹਾਰ ਦੇਕੇ ਕਿਰਤ ਵਿਭਾਗ ਪੰਜਾਬ ਦੇ ਕਿਰਤ ਵਿੰਗ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਅਤੇ ਫੈਕਟਰੀ ਵਿੰਗ ਦੇ ਡੀ.ਡੀ.ਐਫ ਰੈਂਕ ਦੇ ਰਿਟਾਇਰਡ ਅਧਿਕਾਰੀਆਂ ਵਿੱਚੋਂ, ਕਿਸੇ ਯੋਗ ਅਧਿਕਾਰੀ ਦੀ ਨਿਯੁਕਤੀ ਇਕ ਕਮੇਟੀ ਬਣਾਕੇ ਜਿਸ ਵਿੱਚ ਸਕੱਤਰ

ਅਤੇ ਡੀ.ਸੀ.ਐਫ.ਏ ਮੈਂਬਰ ਹੋਣ, ਮੁਢਲੀ ਪੱਧਰ ਤੇ ਇਕ ਸਾਲ ਲਈ ਕਰ ਲਈ ਜਾਵੇ, ਜਿਸ ਲਈ ਪੰਜਾਬ ਸਰਕਾਰ ਦੀ ਪਾਲਿਸੀ ਅਨੁਸਾਰ ਰਿਟਾਰਿਡ ਅਧਿਕਾਰੀ ਨੂੰ ਉਸਦੀ ਅੰਤਮ ਤਨਖਾਹ ਵਿਚੋਂ ਪੈਨਸ਼ਨ ਘਟਾਕੇ ਬਣਦੀ ਤਨਖਾਹ ਦਿਤੀ ਜਾਵੇ। ਬੋਰਡ ਵਲੋਂ ਇਹ ਵੀ ਕਿਹਾ ਗਿਆ ਕਿ ਇਸ ਅਸਾਮੀ ਤੇ ਭਰਤੀ ਦੀ ਪ੍ਰਕ੍ਰਿਆ ਸ਼ੁਰੂ ਕਰਨ ਤੋਂ ਪਹਿਲਾਂ ਪੰਜਾਬ ਸਰਕਾਰ ਵਿੱਤ ਵਿਭਾਗ ਦੇ ਪੱਤਰ ਨੰ: 5/41/2009-5ਵਿਪਪਤ/482698/1 ਮਿਤੀ 12.5.2015 ਵਿੱਚ ਜਾਰੀ ਹਦਾਇਤਾਂ ਅਨੁਸਾਰ ਵਿੱਤ ਵਿਭਾਗ ਦੀ ਪੂਰਵ ਪ੍ਰਵਾਨਗੀ ਵੀ ਲੈ ਲਈ ਜਾਵੇ।

**18ਵੀਂ ਮੀਟਿੰਗ ਅਜੰਡਾ ਆਈਟਮ ਨੰ:7** — **Utilization of Building & other Construction Workers Welfare Cess-reg-Section 60 of the BOCW Act 1996.**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੋਰਾਨ ਮੈਂਬਰ ਸਕੱਤਰ ਵਲੋਂ ਮੈਂਬਰ ਸਾਹਿਬਾਨ ਦਾ ਧਿਆਨ ਭਾਰਤ ਸਰਕਾਰ, ਕਿਰਤ ਤੇ ਰੋਜਗਾਰ ਮੰਤਰਾਲੇ ਨਵੀਂ ਦਿੱਲੀ ਵਲੋਂ ਬੀ.ਓ.ਸੀ.ਡਬਲਿਯੂ ਐਕਟ 1996 ਦੀ ਧਾਰਾ 60 ਅਧੀਨ ਆਪਣੇ ਪੱਤਰ ਮਿਤੀ 9.9.2015 ਰਾਹੀਂ ਜਾਰੀ ਕੀਤੇ Executive order ਵੱਲ ਦੁਆਇਆ ਅਤੇ ਦੱਸਿਆ ਕਿ ਕੇਂਦਰ ਸਰਕਾਰ ਵਲੋਂ ਜਾਰੀ ਕੀਤੇ Executive order ਦੇ ਪੈਰਾ 3 ਵਿੱਚ ਐਕਟ ਦੇ mandatory provisions **(Section 22)**ਨੂੰ ਮੁੱਖ ਰੱਖਦੇ ਹੋਏ ਲੜੀ ਨੰ: (i) ਤੋਂ (xv) ਤੱਕ ਦੱਸੀ ਭਲਾਈ ਸਕੀਮਾਂ ਬਾਰੇ ਫੈਸਲੇ ਲੈਣ ਦੀ ਲੋੜ ਹੈ। ਵਿਚਾਰ ਵਟਾਂਦਰੇ ਉਪਰੰਤ ਇਸ ਸਬੰਧੀ ਬੋਰਡ ਵਲੋਂ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

| ਲੜੀਨੰ: | ਕੇਂਦਰ ਸਰਕਾਰ ਵਲੋਂ ਦਿਤੇ ਨਿਰਦੇਸ਼ | ਬੋਰਡ ਦਾ ਫੈਸਲਾ |
|---|---|---|
| i) | To ensure benefits under the Employees Compensation Act, 1923; and other life insurance schemes. | ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਐਂਪਲਾਈਜ਼ ਕੰਪਨਸੇਸ਼ਨ ਐਕਟ 1923 ਅਤੇ ਹੋਰ ਜੀਵਨ ਬੀਮਾ ਸਕੀਮ ਅਧੀਨ ਲਾਭਪਾਤਰੀਆਂ ਨੂੰ ਲਾਭ ਦੁਆਉਣਾ ਯਕੀਨੀ ਬਨਾਉਣ ਲਈ ਕਿਰਤ ਕਮਿਸ਼ਨਰ ਪੰਜਾਬ ਨੂੰ ਲਿਖਿਆ ਜਾਵੇ ਕਿਉਂਕਿ ਇਸ ਐਕਟ ਅਧੀਨ ਰਾਜ ਦੇ ਕੁਝ ਸਹਾਇਕ ਕਿਰਤ ਕਮਿਸ਼ਨਰ ਨੂੰ **ਵਰਕਮੈਨ ਕੰਪਨਸੇਸ਼ਨ ਕਮਿਸ਼ਨਰ** ਘੋਸ਼ਿਤ ਕੀਤਾ ਹੋਇਆ ਹੈ। |
| ii) | To ensure payment of additional ex-gratia amount as fixed by the Board for death and disability in case of accident. | ਬੋਰਡ ਦੀ ਐਕਸਗ੍ਰੇਸ਼ੀਆ ਸਕੀਮ ਨੂੰ ਲਾਗੂ ਕਰਵਾਉਣਾ ਯਕੀਨੀ ਬਣਾਇਆ ਜਾਵੇ। |
| iii) | To ensure enrolment of the eligible workers under Employees' Pension Scheme., 1995, and Employees' Deposit Linked Insurance Scheme. | ਲਾਭਪਾਤਰੀਆਂ ਉਸਾਰੀ ਕਿਰਤੀਆਂ ਨੂੰ ਐਂਪਲਾਈਜ਼ ਪੈਨਸ਼ਨ ਸਕੀਮ 1995 ਅਤੇ ਐਂਪਲਾਈਜ਼ ਡੀ.ਐਲ.ਆਈ ਸਕੀਮ ਅਧੀਨ enroll ਕਰਨਾ ਯਕੀਨੀ ਬਨਾਉਣ ਲਈ ਈ.ਪੀ.ਐਫ ਵਿਭਾਗ ਨੂੰ ਲਿਖਿਆ ਜਾਵੇ ਕਿਉਂਕਿ ਇਹ ਸਕੀਮਾਂ ਉਨ੍ਹਾਂ ਵਲੋਂ ਹੀ monitor ਕੀਤੀਆਂ ਜਾਂਦੀਆਂ ਹਨ। ਰਾਜ ਦੇ ਸਾਰੇ ਫੀਲਡ ਅਧਿਕਾਰੀਆਂ ਨੂੰ ਈ.ਪੀ.ਐਫ ਵਿਭਾਗ ਦੀ ਸਹਾਇਤਾ ਕਰਨ |

| | | |
|---|---|---|
| | | ਲਈ ਹਦਾਇਤਾਂ ਜਾਰੀ ਕੀਤੀਆਂ ਜਾਣ। |
| iv) | For the workers who are not covered under Employees' Pension Scheme., 1995, and Employees' Deposit Linked Insurance Scheme, the Board shall opt for Atal Pension Yojana or other similar schemes not inferior to Atal Pension Yojana, ensuring a pension of at least Rs. 1000 per month. The Board shall pay a minimum of 50% of the contribution and remaining will be borne by the beneficiaries. | ਕੇਂਦਰ ਸਰਕਾਰ ਵਲੋਂ **ਅਟਲ ਪੈਨਸ਼ਨ ਯੋਜਨਾ** ਜਿਸਦੇ ਤਹਿਤ ਘੱਟੋ-ਘੱਟ 1000/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ ਦਾ ਪ੍ਰਾਵਧਾਨ ਹੈ, ਸਬੰਧੀ ਬੋਰਡ ਵਲੋਂ ਵਿਸਥਾਰਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ। ਭਾਰਤ ਸਰਕਾਰ ਦੇ ਨਿਰਦੇਸ਼ ਅਨੁਸਾਰ ਘਟੋਂ-ਘੱਟ 50% ਰਕਮ ਬੋਰਡ ਵਲੋਂ ਦਿੱਤੀ ਜਾਵੇ ਅਤੇ ਬਾਕੀ ਦੀ ਰਕਮ ਕਿਰਤੀ ਵਲੋਂ ਜਮ੍ਹਾ ਕਰਵਾਈ ਜਾਵੇ। ਮੈਂਬਰ ਸਾਹਿਬਾਨ ਦੇ ਵਿਚਾਰ ਅਨੁਸਾਰ ਕਿਰਤੀ ਵਲੋਂ ਕੋਈ ਵੀ ਪੈਸਾ ਬਤੌਰ ਅੰਸ਼ਦਾਨ ਦਿੱਤੇ ਜਾਣ ਦੀ ਸੰਭਾਵਨਾ ਨਹੀਂ ਹੈ। ਜਿਆਦਾਤਰ ਕਿਰਤੀ ਮਾਈਗਰੈਂਟ ਹਨ ਅਤੇ ਇਕ ਜਗ੍ਹਾ ਤੇ ਟਿੱਕ ਕੇ ਕੰਮ ਨਹੀਂ ਕਰਦੇ। ਇਸ ਸਾਲ ਕਿਰਤੀ ਵਲੋਂ ਅੰਸ਼ਦਾਨ ਨਾ ਦੇਣ ਕਾਰਨ ਸਕੀਮ ਲਾਗੂ ਕਰਨੀ ਸੰਭਵ ਨਹੀਂ ਹੋਵੇਗੀ। ਬੋਰਡ ਵਲੋਂ ਪਹਿਲਾਂ ਹੀ ਪੈਨਸ਼ਨ ਸਕੀਮ ਐਲ.ਆਈ.ਸੀ ਰਾਹੀਂ ਲਾਗੂ ਕੀਤੀ ਜਾ ਚੁੱਕੀ ਹੈ ਅਤੇ ਲਾਭਪਾਤਰੀਆਂ ਨੂੰ ਪੈਨਸ਼ਨ ਸਰਟੀਫਿਕੇਟ ਵੀ ਜਾਰੀ ਕੀਤੇ ਜਾ ਚੁੱਕੇ ਹਨ। ਕਿਉਂ ਜ਼ੋ ਭਾਰਤ ਸਰਕਾਰ ਵਲੋਂ ਨਿਰਦੇਸ਼ ਦਿੱਤੇ ਹਨ ਕਿ ਬੋਰਡ ਵਲੋਂ ਅਟਲ ਪੈਨਸ਼ਨ ਯੋਜਨਾ ਜਾਂ ਕੋਈ ਹੋਰ ਸਕੀਮ ਜ਼ੋ ਇਸ ਸਕੀਮ ਤੋਂ inferior ਨਾ ਹੋਵੇ ਅਡਾਪਟ ਕੀਤੀ ਜਾਵੇ ਨੂੰ ਧਿਆਨ ਵਿੱਚ ਰੱਖਦੇ ਹੋਏ ਬੋਰਡ ਦੀ ਮੋਜੂਦਾ ਸਕੀਮ ਹੇਠ ਦਿੱਤੇ ਜਾਣ ਵਾਲੇ ਘਟੋਂ-ਘੱਟ ਲਾਭ ਨੂੰ ਅਟਲ ਪੈਨਸ਼ਨ ਯੋਜਨਾ ਦੇ ਬਰਾਬਰ ਕਰ ਦਿੱਤਾ ਜਾਵੇ ਅਤੇ ਹੋਰ ਲਾਭ ਇਸ ਤੋਂ ਬਿਹਤਰ ਕਰ ਦਿੱਤੇ ਜਾਣ। ਇਸ ਤੋਂ ਇਲਾਵਾ ਬੀ.ਓ.ਸੀ.ਡਬਲਿਊ ਐਕਟ ਦੀ ਧਾਰਾ 14 ਨੂੰ ਧਿਆਨ ਵਿੱਚ ਰੱਖਦੇ ਹੋਏ ਪੈਨਸ਼ਨ ਦਾ ਲਾਭ ਲੈਣ ਲਈ ਮੈਂਬਰਸ਼ਿਪ ਦੀ 5 ਸਾਲ ਦੀ ਸ਼ਰਤ ਵੀ 3 ਸਾਲ ਕਰ ਦਿੱਤੀ ਜਾਵੇ। ਭਾਰਤ ਸਰਕਾਰ ਵਲੋਂ ਦਿਤੇ ਨਿਰਦੇਸ਼ ਨੂੰ ਮੁੱਖ ਰੱਖਦੇ ਹੋਏ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਇਸ ਸੰਧਰਭ ਵਿੱਚ ਬੋਰਡ ਦੀ ਪੈਨਸ਼ਨ ਸਕੀਮ ਵਿੱਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਵੇ ਤਾਂ ਜ਼ੋ ਬੋਰਡ ਦੀ ਸਕੀਮ **ਅਟਲ ਪੈਨਸ਼ਨ ਯੋਜਨਾ** ਨਾਲੋਂ inferior ਨਾ ਹੋਵੇ:-<br><br>1) ਰਜਿਸਟਰਡ ਉਸਾਰੀ ਕਿਰਤੀ ਨੂੰ 60 ਸਾਲ ਦੀ ਉਮਰ ਅਤੇ |

| | | |
|---|---|---|
| | | ਤਿੰਨ ਸਾਲ ਦੀ ਮੈਂਬਰਸ਼ਿਪ ਪੂਰੀ ਕਰਨ ਉਪਰੰਤ ਘੱਟੋ-ਘੱਟ 12000/- ਰੁਪਏ ਪ੍ਰਤੀ ਸਾਲ ਪੈਨਸ਼ਨ ਦਿਤੀ ਜਾਵੇਗੀ, ਜਿਸ ਵਿੱਚ ਹਰੇਕ ਸਾਲ ਦੀ ਮੈਂਬਰਸ਼ਿਪ ਦੇ ਵਾਧੇ ਉਪਰੰਤ, 1000/- ਰੁਪਏ ਪ੍ਰਤੀ ਸਾਲ ਦਾ ਵਾਧਾ ਕਰਦੇ ਹੋਏ 16 ਸਾਲ ਦੀ ਮੈਂਬਰਸ਼ਿਪ ਉਪਰੰਤ ਵੱਧ ਤੋਂ ਵੱਧ 25000/- ਰੁਪਏ ਪ੍ਰਤੀ ਸਾਲ ਪੈਨਸ਼ਨ ਦਿਤੀ ਜਾਵੇਗੀ ਅਤੇ ਇਸੇ ਅਧਾਰ ਤੇ ਫੈਮਲੀ ਪੈਨਸ਼ਨ ਵਿੱਚ ਅਨੁਪਾਤਕ ਵਾਧਾ ਕੀਤਾ ਜਾਵੇਗਾ।<br><br>ਬੋਰਡ ਵਲੋਂ ਇਹ ਵੀ ਪ੍ਰੇਖਣ ਕੀਤਾ ਗਿਆ ਕਿ ਕਿਉਂ ਜ਼ੋ ਪੈਨਸ਼ਨ ਸਕੀਮ ਅਧੀਨ ਪੈਨਸ਼ਨ ਦਰ ਵਿੱਚ ਵਾਧਾ ਹੋਣ ਨਾਲ ਐਲ.ਆਈ.ਸੀ. ਪਾਸ create ਕੀਤੇ ਪੈਨਸ਼ਨ ਫੰਡ ਵਿੱਚ ਹੋਰ ਰਕਮ ਜਮਾਂ ਕਰਵਾਉਣ ਦੀ ਲੋੜ ਪੈ ਸਕਦੀ ਹੈ, ਇਸ ਲਈ ਐਲ.ਆਈ.ਸੀ. ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਕਿਹਾ ਜਾਵੇ ਕਿ ਸਕੀਮ ਵਿੱਚ ਕੀਤੀ ਨਵੀਂ ਸੋਧ ਅਨੁਸਾਰ ਲਾਭਪਾਤਰੀਆਂ ਦੀ ਮੈਂਬਰਸ਼ਿਪ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਪਾਸ ਜਮਾਂ ਕਰਵਾਈ ਜਾਣ ਵਾਲੀ ਰਾਸ਼ੀ evaluate ਕਰਕੇ ਬੋਰਡ ਨੂੰ ਸੂਚਿਤ ਕਰਨ। ਹਾਲ ਦੀ ਘੜੀ ਬੋਰਡ ਵਲੋਂ ਇਸ ਸਬੰਧ ਵਿੱਚ 50 ਕਰੋੜ ਰੁਪਏ ਦੀ ਹੋਰ ਰਾਸ਼ੀ ਐਲ.ਆਈ.ਸੀ. ਪਾਸ ਜਮਾਂ ਕਰਵਾਉਣ ਦੀ ਪ੍ਰਵਾਨਗੀ ਦਿਤੀ ਗਈ। |
| v) | Board shall make contribution in payment of the premia payable by the beneficiary for enrolment under Pradhan Mantri Suraksha Bima Yojana and Pradhan Mantri Jeevan Jyoti Bima Yojana. The Board shall pay a minimum of 50% of the premium and remaining will be borne by the beneficiaries. | ਕੇਂਦਰ ਸਰਕਾਰ ਵਲੋਂ ਤਜਵੀਜਤ **ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ** ਅਤੇ **ਪ੍ਰਧਾਨ ਮੰਤਰੀ ਜੀਵਨ ਜ਼ੋਤੀ ਬੀਮਾ ਯੋਜਨਾ** ਦੇ ਸੰਧਰਭ ਵਿੱਚ ਬੋਰਡ ਦੀ ਮੋਜੂਦਾ ਐਕਸਗ੍ਰੇਸ਼ੀਆ ਸਕੀਮ ਦੀ ਸੱਟਡੀ ਕਰਨ ਉਪਰੰਤ ਬੋਰਡ ਵਲੋਂ ਪ੍ਰੇਖਣ ਕੀਤਾ ਗਿਆ ਕਿ ਲਾਭਪਾਤਰੀ ਉਸਾਰੀ ਕਿਰਤੀ ਇਕ ਵਾਰ ਬੋਰਡ ਵਿੱਚ ਰਜਿਸਟਰਡ ਹੋਣ ਉਪਰੰਤ ਬੋਰਡ ਦੀ ਐਕਸਗ੍ਰੇਸ਼ੀਆ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਦਾ ਹੱਕਦਾਰ ਹੋ ਜਾਂਦਾ ਹੈ ਅਤੇ ਉਸਨੂੰ ਇਹ ਲਾਭ ਪ੍ਰਾਪਤ ਕਰਨ ਲਈ ਬੈਂਕਾਂ ਦੇ ਬਾਰ ਬਾਰ ਚੱਕਰ ਵੀ ਨਹੀਂ ਲਗਾਉਣੇ ਪੈਂਦੇ, ਜਦਕਿ ਕੇਂਦਰ ਸਰਕਾਰ ਦੀਆਂ ਤਜਵੀਜਤ ਦੋਨੋ ਸਕੀਮਾਂ ਅਧੀਨ ਪਾਲਿਸੀ ਹੋਲਡਰ ਨੂੰ ਆਪਣੀ ਬੀਮਾ ਪਾਲਿਸੀ ਹਰ ਸਾਲ ਬਣਦਾ ਪ੍ਰਿਮੀਅਮ ਦੇਕੇ ਰਿਨਿਯੂ ਕਰਵਾਉਣੀ ਜਰੂਰੀ ਹੈ ਅਤੇ ਨਿਰਧਾਰਤ ਫਾਰਮ/ਸਬੂਤ ਆਦਿ |

<table>
<tr>
<td></td>
<td></td>
<td>ਬੈਂਕਾਂ ਨੂੰ ਮੁਹੱਈਆ ਕਰਵਾਉਣੇ ਪੈਂਦੇ ਹਨ। ਇਸ ਤਰ੍ਹਾਂ ਬੋਰਡ ਵਲੋਂ ਵਿਚਾਰ ਵਟਾਂਦਰੇ ਉਪਰੰਤ ਇਹ ਫੈਸਲਾ ਲਿਆ ਗਿਆ ਕਿ ਬੋਰਡ ਦੀ ਐਕਸਗ੍ਰੇਸ਼ੀਆ ਸਕੀਮ ਜ਼ੋਕਿ ਜਿਆਦਾ ਸਰਲ ਅਤੇ rational ਹੈ, ਨੂੰ ਚਾਲੂ ਰੱਖਿਆ ਜਾਵੇ ਅਤੇ ਇਸ ਨੂੰ ਕੇਂਦਰ ਸਰਕਾਰ ਦੀਆਂ ਦੋਨੋ ਸਕੀਮਾਂ PMSBY ਅਤੇ PMJJBY ਦੇ ਸੰਧਰਭ ਵਿੱਚ ਵਧੇਰੇ ਲਾਭਕਾਰੀ ਅਤੇ ਤਰਕਸੰਗਤ ਬਨਾਉਣ ਲਈ ਐਕਸਗ੍ਰੇਸ਼ੀਆ ਸਕੀਮ ਅਧੀਨ ਮੌਜੂਦਾ ਰਾਸ਼ੀ (accidental death/100% disablement = 2.00 Lacs, natural death = 1.50 Lacs & Partial disability = Rs. 2000/- for every 1% disablement which can go upto 2.00 Lacs)ਵਿੱਚ ਹੇਠ ਲਿਖੇ ਅਨੁਸਾਰ ਸੋਧ ਕਰਨ ਦੀ ਪ੍ਰਵਾਨਗੀ ਦਿਤੀ ਗਈ:–
<table>
<tr><td>a) Accidental death /100% disablement:</td><td>4.00 Lacs</td></tr>
<tr><td>b) Natural death:</td><td>3.00 Lacs</td></tr>
<tr><td>c) Partial disablement:</td><td>Rs. 4000/- for every 1% disablement which can go upto Rs. 4.00 Lacs</td></tr>
</table>
ਬੋਰਡ ਵਲੋਂ ਇਹ ਵੀ ਫੈਸਲਾ ਲਿੱਤਾ ਗਿਆ ਕਿ ਭਾਰਤ ਸਰਕਾਰ ਦੀਆਂ ਇਹ ਦੋਨੋ ਸਕੀਮਾਂ ਲਾਭਪਾਤਰੀਆਂ ਤੇ ਲਾਗੂ ਕੀਤੀਆਂ ਜਾਣ। ਨਵੇਂ ਰਜਿਸਟਰਡ ਲਾਭਪਾਤਰੀਆਂ ਨੂੰ ਦੋਨਾਂ ਸਕੀਮਾਂ ਹੇਠ ਕਵਰ ਕੀਤਾ ਜਾਵੇ ਅਤੇ ਪੁਰਾਣੇ ਲਾਭਪਾਤਰੀਆਂ ਸਬੰਧੀ ਵੀ ਕਾਰਵਾਈ ਸ਼ੁਰੂ ਕੀਤੀ ਜਾਵੇ। ਜਿਹੜੇ ਕਿਰਤੀ ਇਨ੍ਹਾਂ ਸਕੀਮਾਂ ਹੇਠ ਕਵਰ ਨਹੀਂ ਹੁੰਦੇ ਉਨ੍ਹਾਂ ਲਈ Exgratia ਸਕੀਮ ਲਾਗੂ ਰਹੇਗੀ। ਜਦੋਂ ਬੋਰਡ ਦੇ ਸਾਰੇ ਕਰਿਤੀ ਇਨ੍ਹਾਂ ਸਕੀਮਾਂ ਹੇਠ ਕਵਰ ਹੋ ਜਾਣਗੇ ਤਾਂ Exgratia ਸਕੀਮ ਬੰਦ ਕੀਤੀ ਜਾਵੇ।</td>
</tr>
<tr>
<td>vi)</td>
<td>The Board shall formulate a scheme for funding of education for the children of the beneficiaries preferably on the lines of Aam</td>
<td>ਇਸ ਮੱਦ ਅਧੀਨ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਪ੍ਰੇਖਣ ਕੀਤਾ ਗਿਆ ਕਿ ਕਿਉਂ ਜ਼ੋ ਬੋਰਡ ਦੀ ਐਕਸਗ੍ਰੇਸ਼ੀਆ ਸਕੀਮ ਅਧੀਨ ਮੁਆਵਜੇ ਦੀ ਰਾਸ਼ੀ ਵਧਾਈ ਜਾ ਚੁਕੀ ਹੈ ਅਤੇ ਬੋਰਡ</td>
</tr>
</table>

| | | |
|---|---|---|
| | Aadmi Bima Yojana. Or otherwise the Board shall enroll all the beneficiaries under Aam Aadmi Bima Yojana so as to ensure that school/college going children of the beneficiaries get scholarship benefits under the scheme. The Board shall pay a minimum of 50% of the premium and remaining will be borne by the beneficiaries. | ਦੀ ਵਜੀਫਾ ਸਕੀਮ (ਪਹਿਲੀ ਕਲਾਸ ਤੋਂ ਉਚੇਰੀ ਸਿਖਿਆ ਤੱਕ ਰੁ. 2800/- ਤੋਂ 58000/- ਪ੍ਰਤਿ ਸਾਲ) ਵੀ **ਆਮ ਆਦਮੀ ਬੀਮਾ ਯੋਜਨਾ** ਅਧੀਨ ਮਿਲਣ ਵਾਲੇ ਲਾਭ ਨਾਲੋਂ ਜਿਆਦਾ ਫਾਇਦੇਮੰਦ ਹੈ, ਇਸ ਲਈ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਬੋਰਡ ਦੀ ਮੌਜੂਦਾ ਵਜੀਫਾ ਸਕੀਮ ਨੂੰ ਹੀ ਚਾਲੂ ਰੱਖਿਆ ਜਾਵੇ ਅਤੇ ਆਮ ਆਦਮੀ ਬੀਮਾ ਯੋਜਨਾ ਅਪਨਾਉਣ ਦੀ ਕੋਈ ਉਚਿਤਤਾ ਨਹੀਂ ਰਹਿੰਦੀ। |
| vii) | Board shall ensure that the workers are enrolled under Employees' State Insurance Scheme. | ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਲਾਭਪਾਤਰੀ ਉਸਾਰੀ ਕਿਰਤੀਆਂ ਨੂੰ **ਐਂਪਲਾਈਜ਼ ਸਟੇਟ ਇੰਨਸ਼ੋਰੈਂਸ ਸਕੀਮ** ਅਧੀਨ enroll ਕਰਨਾ ਯਕੀਨੀ ਬਨਾਉਣ ਲਈ ਐਂਪਲਾਈਜ਼ ਸਟੇਟ ਇੰਨਸ਼ੋਰੈਂਸ ਕਾਰਪੋਰੇਸ਼ਨ ਨੂੰ ਲਿਖਿਆ ਜਾਵੇ ਕਿਉਂਕਿ ਈ.ਐਸ.ਆਈ ਐਕਟ ਦੀ ਪਾਲਨਾ ਕਰਵਾਉਣਾ ਕਾਰਪੋਰੇਸ਼ਨ ਦੀ ਜਿੰਮੇਵਾਰੀ ਹੈ। ਵਿਭਾਗ ਦੇ ਫੀਲਡ ਅਧਿਕਾਰੀਆਂ ਨੂੰ ਈ.ਐਸ.ਆਈ ਨੂੰ ਸਹਿਯੋਗ ਦੇਣ ਲਈ ਹਦਾਇਤਾਂ ਜਾਰੀ ਕੀਤੀਆਂ ਜਾਵੇ। |
| viii) | The Board shall ensure that those who are not covered under ESIC are covered under Rashtriya Swasthya Bima Yojana or any other such scheme for the Purpose of Health Insurance. The Board shall facilitate Health Insurance coverage having annual premium of not less than Rs. 750/- per beneficiary, for those who are not covered under Rashtriya Swasthya Bima Yojana. The Board shall pay a minimum of 50% of the premium and remaining will be borne by the beneficiaries. | ਬੋਰਡ ਵਲੋ ਇਸ ਗੱਲ ਨਾਲ ਸਹਿਮਤੀ ਪ੍ਰਗਟ ਕੀਤੀ ਗਈ ਕਿ ਲਾਭਪਾਤਰੀ ਉਸਾਰੀ ਕਿਰਤੀਆਂ ਵਾਸਤੇ RSBY ਸਕੀਮ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਰਾਹੀਂ ਚਲਾਉਣ ਦਾ ਪਹਿਲਾਂ ਹੀ ਫੈਸਲਾ ਲਿਆ ਹੋਇਆ ਹੈ ਜਿਸਦੇ ਤਹਿਤ ਲਾਭਪਾਤਰੀ ਦਾ ਪਰੀਵਾਰ (ਕੁਲ 5 ਜੀਅ) 50,000/- ਰੁਪਏ ਸਾਲਾਨਾ ਮੁਫਤ ਇਲਾਜ ਦੀ ਸੁਵਿਧਾ ਪ੍ਰਾਪਤ ਕਰ ਸਕਦਾ ਹੈ। ਜਿਸਦਾ ਸਾਰਾ ਪ੍ਰੀਮਿਅਮ ਬੋਰਡ ਵਲੋਂ ਦਿਤਾ ਜਾਣਾ ਹੈ। |
| ix) | The Board shall ensure enrolment of female workers and drawal of benefits from the employer under the Maternity Benefit Act. | ਕਿਉਂ ਜ਼ੋ ਬੋਰਡ ਵਲੋਂ ਇਸਤਰੀ ਉਸਾਰੀ ਕਿਰਤੀਆਂ ਨੂੰ ਪਹਿਲਾਂ ਹੀ ਬੀ.ਓ.ਸੀ.ਡਬਲਿਯੂ ਐਕਟ ਅਧੀਨ ਬਤੌਰ ਲਾਭਪਾਤਰੀ ਰਜਿਸਟਰ ਕੀਤਾ ਜਾਂਦਾ ਹੈ, ਇਸ ਲਈ ਉਨ੍ਹਾਂ ਨੂੰ ਨਿਯੋਜਕ ਪਾਸੋਂ |

| | | |
|---|---|---|
| | | **ਪ੍ਰਸੂਤਾ ਲਾਭ ਐਕਟ** ਅਧੀਨ ਲਾਭ ਦੁਆਉਣ ਲਈ ਬੋਰਡ ਵਲੋਂ ਕਿਰਤ ਕਮਿਸ਼ਨਰ ਪੰਜਾਬ ਨੂੰ ਲਿਖਣ ਲਈ ਕਿਹਾ ਗਿਆ ਕਿਉਂਕਿ ਇਸ ਐਕਟ ਦੀ ਪਾਲਣਾ ਉਨ੍ਹਾਂ ਵਲੋਂ ਹੀ ਇਸਪੈਕਟੋਰੇਟ ਸਟਾਫ ਰਾਹੀਂ ਕਰਵਾਈ ਜਾਂਦੀ ਹੈ। |
| x) | The Board shall formulate a scheme, not inferior to the benefits being made available under Maternity Benefits Act, for the female beneficiaries who are not covered under Maternity Benefit Act. The Board shall pay a minimum of 50% of the premium and remaining will be borne by the beneficiaries. | ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਵਲੋਂ ਪਹਿਲਾਂ ਹੀ **ਪ੍ਰਸੂਤਾ ਲਾਭ ਸਕੀਮ** ਚਲਾਈ ਜਾ ਰਹੀ ਹੈ ਜਿਸਦੇ ਤਹਿਤ ਇਸਤਰੀ/ਪੁਰਸ਼ ਲਾਭਪਾਤਰੀ ਨੂੰ ਦੋ ਬੱਚਿਆਂ ਦੇ ਜਨਮ ਸਮੇਂ 5000/- ਰੁਪਏ ਵਿਤੀ ਸਹਾਇਤਾ ਦੇਣ ਦਾ ਪ੍ਰਾਵਧਾਨ ਹੈ। ਭਾਰਤ ਸਰਕਾਰ ਵਲੋਂ ਦਿਤੇ ਨਿਰਦੇਸ਼ ਅਨੁਸਾਰ ਮੋਜੂਦਾ ਸਕੀਮ ਵਿੱਚ ਇਸ ਹੱਦ ਤੱਕ ਸੋਧ ਕਰਨ ਦੀ ਲੋੜ ਹੈ ਕਿ ਇਸਤਰੀ ਲਾਭਪਾਤਰੀਆਂ ਨੂੰ Maternity benefit Act ਨਾਲੋਂ ਲਾਭ ਘੱਟ ਨਾ ਮਿਲਣ।ਇਸ ਐਕਟ ਦੇ ਉਪਬੰਧਾਂ ਅਨੁਸਾਰ 12 ਹਫਤੇ ਦੀ Maternity leave with wages ਮਿਲਦੀ ਹੈ ਇਸ ਲਈ ਯੋਗ ਹੋਵੇਗਾ ਕਿ ਇਸਤਰੀ ਕਿਰਤੀ ਨੂੰ ਪ੍ਰਸੂਤਾ ਛੁੱਟੀ ਦੋਰਾਨ ਪੰਜਾਬ ਸਰਕਾਰ ਦੀ ਵੱਖ-ਵੱਖ ਕੈਟਾਗਰੀਆਂ ਲਈ ਨਿਰਧਾਰਿਤ ਮਿਨੀਮਮ ਵੇਜਿਜ਼ ਨੂੰ ਮੁੱਖ ਰੱਖਦੇ ਹੋਏ ਤਿੰਨ ਮਹੀਨੇ ਦੀ ਤਨਖਾਹ ਦੇ ਬਰਾਬਰ ਪ੍ਰਸੂਤਾ ਲਾਭ ਦੇ ਦਿਤਾ ਜਾਵੇ।<br><br>ਇਸ ਮੱਦ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਮੋਜੂਦਾ ਪ੍ਰਸੂਤਾ ਲਾਭ ਸਕੀਮ ਵਿੱਚ ਸੋਧ ਕਰਦੇ ਹੋਏ ਫੈਸਲਾ ਲਿਆ ਗਿਆ ਕਿ ਲਾਭਪਾਤਰੀ ਇਸਤਰੀ ਕਿਰਤੀ ਨੂੰ ਦੋ ਬੱਚਿਆਂ ਦੇ ਜਨਮ ਸਮੇਂ ਪੰਜਾਬ ਸਰਕਾਰ ਦੀ ਨਿਰਧਾਰਿਤ ਮਿਨੀਮਮ ਵੇਜਿਜ਼ ਨੂੰ ਮੁੱਖ ਰੱਖਦੇ ਹੋਏ 21000/- ਰੁਪਏ ਪ੍ਰਤੀ ਬੱਚੇ ਦੇ ਹਿਸਾਬ ਨਾਲ ਪ੍ਰਸੂਤਾ ਲਾਭ ਦਿਤਾ ਜਾਵੇ।ਪੁਰਸ਼ ਲਾਭਪਾਤਰੀਆਂ ਨੂੰ ਪਹਿਲਾਂ ਦੀ ਤਰ੍ਹਾਂ 5000/- ਰੁਪਏ ਪ੍ਰਤੀ ਬੱਚੇ ਦੇ ਹਿਸਾਬ ਨਾਲ ਵੱਧ ਤੋਂ ਵੱਧ ਦੋ ਬੱਚਿਆਂ ਲਈ ਪ੍ਰਸੂਤਾ ਲਾਭ ਮਿਲਦਾ ਰਹੇਗਾ। |
| xi) | The Welfare Board shall facilitate payment of subsidy for the construction of houses by the respective authority under different schemes of | ਪੰਜਾਬ ਸਰਕਾਰ ਦੀ ਮਕਾਨ ਉਸਾਰੀ ਸਕੀਮ ਅਧੀਨ ਬੋਰਡ ਦੇ ਰਜਿਸਟਰਡ ਲਾਭਪਾਤਰੀਆਂ ਲਈ ਸਬਸਿਡੀ ਦੇਣ ਸਬੰਧੀ ਸਕੀਮ ਪਹਿਲਾਂ ਹੀ ਬੋਰਡ ਦੇ ਵਿਚਾਰ ਅਧੀਨ ਹੈ। ਬੋਰਡ ਵਲੋਂ |

| | | |
|---|---|---|
| | the Government. | ਫੈਸਲਾ ਲਿਆ ਗਿਆ ਹੈ ਕਿ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਵਲੋਂ ਗਰੀਬ ਜਨਤਾ ਨੂੰ ਬੈਂਕ ਤੋਂ ਅਸਾਨ ਵਿਆਜ ਤੇ ਕਰਜਾ ਦੁਆਕੇ ਮਕਾਨ ਬਨਾਉਣ ਲਈ ਜੋ ਸਕੀਮ ਤਿਆਰ ਕੀਤੀ ਜਾ ਰਹੀ ਹੈ, ਉਸ ਵਿੱਚ ਬੋਰਡ ਦੇ ਲਾਭਪਾਤਰੀ ਉਸਾਰੀ ਕਿਰਤੀਆਂ ਨੂੰ ਵੀ ਸ਼ਾਮਲ ਕੀਤਾ ਜਾਵੇ ਅਤੇ ਮਕਾਨ ਦੀ ਕੀਮਤ ਤੇ ਜੋ ਵਿਆਜ ਦੀ ਰਾਸ਼ੀ ਬਣੇਗੀ ਉਸਦੀ 50% ਰਾਸ਼ੀ ਬਤੌਰ ਸਬਸਿਡੀ ਬੋਰਡ ਵਲੋਂ ਮੁਹੱਈਆ ਕਰਵਾਈ ਜਾਵੇ। |
| xii) | The Board shall ensure either implementation of Recognition of Prior Learning (RPL) fo Construction Worker Scheme and benefits thereunder to the construction workers or formulate and implement any other scheme for skill building of construction workers, the benefits of which are not inferior to Recognition of Prior Learning (RPL) of Construction Worker Scheme. The Scheme shall be funded through BoCW Cess as envisaged under the Scheme. | ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਵਲੋਂ ਉਸਾਰੀ ਕਿਰਤੀਆਂ ਦੀ Recognition of Prior Learning (RPL) ਸਕੀਮ ਤਕਨੀਕੀ ਸਿਖਿਆ ਵਿਭਾਗ ਪੰਜਾਬ ਰਾਹੀਂ ਲਾਗੂ ਕਰਨ ਲਈ ਪਹਿਲਾਂ ਹੀ ਯੋਗ ਕਦਮ ਚੁੱਕੇ ਜਾ ਰਹੇ ਹਨ ਜਿਸਦਾ ਖਰਚਾ ਬੋਰਡ ਦੇ ਸੈਸ ਫੰਡ ਵਿਚੋਂ ਕੀਤਾ ਜਾਣਾ ਹੈ।<br><br>ਇਸ ਮੰਤਵ ਲਈ ਬੋਰਡ ਵਲੋਂ ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਨਾਲ ਮਿਤੀ 28.7.2015 ਨੂੰ ਐਮ.ਓ.ਯੂ ਕੀਤਾ ਜਾ ਚੁਕਿਆ ਹੈ ਅਤੇ ਉਨ੍ਹਾਂ ਦੀ ਮੰਗ ਅਨੁਸਾਰ 1.00 ਕਰੋੜ ਰੁਪਏ ਦੀ ਰਾਸ਼ੀ ਐਡਵਾਂਸ ਅਦਾ ਵੀ ਕੀਤੀ ਜਾ ਚੁਕੀ ਹੈ। ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਦੁਆਰਾ ਟਰੇਨਿੰਗ ਪਾਰਟਨਰ ਨੂੰ ਸ਼ਾਰਟ ਲਿਸਟ ਕੀਤਾ ਜਾ ਰਿਹਾ ਹੈ। ਮੋਕੇ ਤੇ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਇਸ ਸਕੀਮ ਨੂੰ ਜਲਦੀ ਲਾਗੂ ਕਰਵਾਉਣ ਲਈ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਅ.ਸ.ਪੱਤਰ ਲਿਖਿਆ ਜਾਵੇ। ਇਸ ਨਾਲ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ। |
| xiii) | The Board may formulate skill development scheme for the family members of building construction workers preferably at the site of the building construction. | ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਵਲੋਂ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਪਹਿਲਾਂ ਹੀ ਸਕਿਲ ਅਪਗ੍ਰੇਡੇਸ਼ਨ ਐਂਡ ਵੋਕੇਸ਼ਨਲ ਐਜੂਕੇਸ਼ਨ ਸਕੀਮ ਪ੍ਰਵਾਨ ਕੀਤੀ ਹੋਈ ਹੈ। ਉਨ੍ਹਾਂ ਦੇ ਪ੍ਰੀਵਾਰਕ ਮੈਂਬਰਾਂ ਨੂੰ ਕੰਸਟਰਕਸ਼ਨ ਸਾਈਟ ਉਤੇ ਸਕਿਲ ਡਿਵੈਲਪਮੈਂਟ ਦੀ ਟ੍ਰੇਨਿੰਗ ਦੇਣ ਦੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਬੋਰਡ ਵਲੋਂ ਰਾਜ ਦੇ ਚਾਰ ਸ਼ਹਿਰਾਂ ਅੰਮ੍ਰਿਤਸਰ, ਜਲੰਧਰ, ਲਧਿਆਣਾ ਅਤੇ ਮੁਹਾਲੀ ਵਿਖੇ ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਕੀਤੀ ਜਾਣੀ ਹੈ। |

| | | |
|---|---|---|
| | | ਇਸ ਮੰਤਵ ਲਈ ਜਗ੍ਹਾ ਦੀ ਖ੍ਰੀਦ ਉਪਰੰਤ ਉਸਾਰੀ ਦਾ ਕੰਮ ਪੰਜਾਬ ਪੁਲੀਸ ਹਾਉਸਿੰਗ ਕਾਰਪੋਰੇਸ਼ਨ ਨੂੰ ਅਲਾਟ ਕੀਤਾ ਜਾ ਚੁੱਕਾ ਹੈ। ਇਸ ਲਈ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਨਾਲ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ। |
| xiv) | The Board shall also ensure that safe drinking water, sanitation, shelter, crèches and other welfare measures and facilities by the employers as prescribed under the Act are being provided to the building and other construction workers at construction site. | ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਐਕਟ ਦੇ ਉਪਬੰਧਾਂ ਅਨੁਸਾਰ ਕੰਸਟਰਕਸ਼ਨ ਸਾਈਟਾਂ ਉੱਤੇ ਨਿਯੋਜਕ ਵਲੋਂ ਉਸਾਰੀ ਕਿਰਤੀਆਂ ਲਈ ਪੀਣ ਦੇ ਪਾਣੀ, ਸਫਾਈ, ਸ਼ੈਲਟਰ, ਕਰੈਚਿਜ਼ ਅਤੇ ਹੋਰ ਭਲਾਈ ਸੁਵਿਧਾਵਾਂ ਮੁਹੱਈਆ ਕਰਵਾਉਣਾ ਯਕੀਨੀ ਬਨਾਉਣ ਲਈ ਕਿਰਤ ਕਮਿਸ਼ਨਰ ਪੰਜਾਬ ਨੂੰ ਲਿਖਿਆ ਜਾਵੇ। ਕਿਉਂ ਕਿ ਇਨ੍ਹਾਂ ਮੱਦਾਂ ਸਬੰਧੀ ਐਕਟ ਵਿੱਚ ਦਰਜ ਉਪਬੰਧਾਂ ਦੀ ਪਾਲਣਾ ਵਿਭਾਗ ਦੇ ਇਸਪੈਕਟੋਰੇਟ ਸਟਾਫ ਰਾਹੀਂ ਕਰਵਾਈ ਜਾਂਦੀ ਹੈ। |
| xv) | The Board will furnish quarterly return in regard to the activities mentioned above to the Central Government in terms of section 57 of the Act and shall place the list of beneficiaries and the benefits made available to them in the public domain through an IT platform. | ਬੋਰਡ ਵਲੋਂ ਕੇਂਦਰ ਸਰਕਾਰ ਦੀ ਹਦਾਇਤਾਂ ਅਨੁਸਾਰ ਕਾਰਵਾਈ ਕਰਨ ਲਈ ਕਿਹਾ ਗਿਆ। |

ਇਸ ਉਪਰੰਤ ਮੈਂਬਰ ਸਕੱਤਰ ਵਲੋਂ ਮੈਂਬਰ ਸਾਹਿਬਾਨ ਦਾ ਧਿਆਨ ਬੀ.ਓ.ਸੀ.ਡਬਲਿਊ ਐਕਟ ਦੀ ਧਾਰਾ 22 ਵੱਲ ਦੁਆਉਂਦੇ ਹੋਏ ਦੱਸਿਆ ਗਿਆ ਕਿ ਕੇਂਦਰ ਸਰਕਾਰ ਵਲੋਂ ਜਾਰੀ ਕੀਤੇ ਗਏ Executive order ਦੇ ਪੈਰਾ ਨੰ: 3 ਵਿੱਚ ਦਰਜ ਉਪਬੰਧਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੇਠ ਦਰਸ਼ਾਈਆਂ ਸਕੀਮਾਂ ਨੂੰ ਚਾਲੂ ਰੱਖਣ ਜਾਂ ਨਾ ਰੱਖਣ ਬਾਰੇ ਫੈਸਲਾ ਲੈਣ ਦੀ ਲੋੜ ਹੈ:-

1) **ਪੰਜੀਕ੍ਰਿਤ ਉਸਾਰੀ ਕਿਰਤੀਆਂ ਲਈ ਭਾਰਤ ਵਿੱਚ ਧਾਰਮਿਕ/ ਇਤਹਾਸਕ ਜਾਂ Home town ਦੀ ਯਾਤਰਾ ਲਈ ਹਰ 2 ਸਾਲ ਉਪਰੰਤ 2000/- ਰੁਪਏ ਐਲ.ਟੀ.ਸੀ ਸਕੀਮ।**
2) **ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀਆਂ 2 ਲੜਕੀਆਂ ਦੀ ਸ਼ਾਦੀ ਸਮੇਂ 31000/- ਰੁਪਏ ਸ਼ਗਨ ਸਕੀਮ।**
3) **ਪੰਜੀਕ੍ਰਿਤ ਉਸਾਰੀ ਕਿਰਤੀ ਜਾਂ ਉਸਦੇ ਪ੍ਰੀਵਾਰ ਦੇ ਮੈਂਬਰ ਦੀ ਮੋਤ ਉਪਰੰਤ ਦਾਹ ਸੰਸਕਾਰ ਲਈ 10,000/- ਰੁਪਏ**

ਵਿਤੀ ਸਹਾਇਤਾ ਸਕੀਮ।

4) ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਲਈ ਜਨਰਲ ਸਰਜਰੀ ਵਾਸਤੇ 20,000/- ਰੁਪਏ ਜਾਂ ਅਸਲ ਖਰਚ ਜੋ ਵੀ ਘੱਟ ਹੋਵੇ, ਦੀ ਵਿਤੀ ਸਹਾਇਤਾ ਸਕੀਮ।
5) ਖਤਰਨਾਕ ਬਿਮਾਰੀਆਂ ਦੇ ਇਲਾਜ ਤੇ 1.00 ਲੱਖ ਰੁਪਏ ਤੱਕ ਖਰਚੇ ਦੀ ਪ੍ਰਤੀ ਪੂਰਤੀ ਬਾਰੇ ਸਕੀਮ।
6) ਪੰਜੀਕ੍ਰਿਤ ਉਸਾਰੀ ਕਿਰਤੀ ਅਤੇ ਉਸਦੇ ਪ੍ਰੀਵਾਰਕ ਮੈਂਬਰ ਲਈ ਐਨਕ, ਦੰਦ ਅਤੇ ਸੁਣਨ ਯੰਤਰ ਲਗਵਾਉਣ ਵਾਸਤੇ ਕ੍ਰਮਵਾਰ 800/-, 5000/- ਅਤੇ 6000/- ਰੁਪਏ ਦੀ ਵਿਤੀ ਸਹਾਇਤਾ ਸਕੀਮ।
7) ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਰਾਜ ਵਿੱਚ 9ਵੀਂ ਤੋਂ 12ਵੀਂ ਕਲਾਸ ਤੱਕ ਪੜ੍ਹ ਰਹੇ ਬੱਚਿਆਂ ਲਈ ਮੁਫਤ ਸਾਈਕਲ ਸਕੀਮ।
8) ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਮਾਨਸਿਕ ਗ੍ਰਸਤ ਅਤੇ ਅਪੰਗ ਬੱਚਿਆਂ ਦੀ ਦੇਖਭਾਲ ਲਈ 20,000/- ਰੁਪਏ ਸਾਲਾਨਾ ਦੀ ਵਿਤੀ ਸਹਾਇਤਾ ਸਕੀਮ।
9) ਪੰਜੀਕ੍ਰਿਤ ਉਸਾਰੀ ਕਿਰਤੀਆਂ ਲਈ ਔਜ਼ਾਰ ਖਰੀਦਣ ਵਾਸਤੇ 3000/- ਰੁਪਏ ਵਿਤੀ ਸਹਾਇਤਾ ਸਕੀਮ।
10) ਉਸਾਰੀ ਕਿਰਤੀਆਂ ਵਾਸਤੇ ਅਜਿਹੀਆਂ ਥਾਵਾਂ ਤੇ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਦੀ ਉਸਾਰੀ ਸਕੀਮ ਜਿਥੇ ਕਿ ਉਹ ਕੰਮ ਦੀ ਭਾਲ ਵਿੱਚ ਇੱਕਠੇ ਹੁੰਦੇ ਹਨ।

ਇਸ ਮੁੱਦੇ ਤੇ ਵਿਚਾਰ ਵਟਾਂਦਰੇ ਦੋਰਾਨ ਮੈਂਬਰ ਸਾਹਿਬਾਨ ਵਲੋਂ ਪ੍ਰੇਖਣ ਕੀਤਾ ਗਿਆ ਕਿ ਐਕਟ ਦੀ ਧਾਰਾ 22(1)(h) ਵਿੱਚ ਉਪਬੰਧ ਹੈ ਕਿ make provision and improvement of such other welfare measures and facilities as may be prescribed.

ਉਪਰੋਕਤ ਦਰਸ਼ਾਈਆਂ ਸਾਰੀਆਂ ਸਕੀਮਾਂ ਕਿਰਤੀਆਂ ਦੀ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਹੀ ਹਨ, ਜਿਵੇਂ ਕਿ ਸ਼ਗਨ ਸਕੀਮ। ਮੈਂਬਰਾਂ ਵਲੋਂ ਪ੍ਰੇਖਣ ਕੀਤਾ ਗਿਆ ਕਿ ਗਰੀਬ ਕਿਰਤੀ ਲੜਕੀ ਦੀ ਸ਼ਾਦੀ ਲਈ ਕਰਜਾ ਲੈਂਦਾ ਹੈ ਅਤੇ ਕਾਫੀ ਵਿਆਜ ਦਿੰਦਾ ਹੈ। ਕਈ ਵਾਰ ਕਿਰਤੀ ਇਨ੍ਹਾਂ ਕਾਰਨਾਂ ਕਰਕੇ ਬੰਧੂਆ ਮਜਦੂਰੀ ਦੀ ਚਪੇਟ ਵਿੱਚ ਆ ਜਾਂਦਾ ਹੈ। ਇਸ ਲਈ ਕਿਰਤੀ ਦੇ ਜੀਵਨ ਦਾ ਮਿਆਰ ਉੱਚਾ ਚੁਕੰਣ ਲਈ ਅਤੇ ਉਨ੍ਹਾਂ ਦੇ ਪਰਿਵਾਰ ਦੀ ਭਲਾਈ ਲਈ ਇਹ ਸਕੀਮਾ ਜਰੂਰੀ ਹੈ। ਦਾਹ ਸੰਸਕਾਰ ਲਈ ਦਿੱਤੀ ਜਾਣ ਵਾਲੀ 10,000/- ਰੁਪਏ ਦੀ ਸਹਾਇਤਾ ਵੀ ਕਿਰਤੀ ਲਈ ਜਰੂਰੀ ਹੈ। ਕਿਉਂ ਜ਼ੋ ਮੌਤ ਹੋ ਜਾਣ ਤੇ ਧਾਰਮਿਕ ਕਰਮ-ਕਾਂਡ ਵਿੱਚ ਕਾਫੀ ਖਰਚਾ ਹੁੰਦਾ ਹੈ। ਕਿਰਤੀ ਕਰਜਾ ਚੁਕਣ ਲਈ ਮਜਬੂਰ ਨਾ ਹੋਵੇ ਇਸ ਲਈ ਹੀ ਇਹ ਸਕੀਮ ਪ੍ਰਵਾਨ ਕੀਤੀ ਗਈ ਸੀ। ਇਸੇ ਤਰ੍ਹਾਂ ਲੜੀ ਨੰ: 4, 5, 6 ਅਤੇ 8 ਤੇ ਦਰਜ ਸਕੀਮਾਂ health benefit scheme ਦਾ ਹੀ ਹਿਸਾ ਹਨ। ਆਰ.ਐਸ.ਬੀ.ਵਾਈ ਸਕੀਮ ਦਾ ਲਾਭ 50,000/- ਪ੍ਰਤੀ ਪਰਿਵਾਰ ਤੱਕ ਹੀ ਸੀਮਿਤ ਹੈ। ਜੇਕਰ ਕਿਰਤੀ ਜਾ ਉਸਦੇ ਪਰਿਵਾਰ ਦਾ ਮੈਂਬਰ ਵੱਡੀ ਬਿਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਉਸ ਨੂੰ ਵਾਧੂ ਸਹਾਇਤਾ ਦੀ ਲੋੜ੍ਹ ਹੈ। ਜਨਰਲ ਸਰਜਰੀ ਸਕੀਮ, ਆਰ.ਐਸ.ਬੀ.ਵਾਈ ਸਕੀਮ ਪੂਰੀ ਤਰ੍ਹਾਂ ਲਾਗੂ ਹੋਣ ਉਪਰੰਤ ਬੰਦ ਕਰਨ ਲਈ ਵਿਚਾਰੀ ਜਾ ਸਕਦੀ ਹੈ। ਫਿਲਹਾਲ ਇਸ ਸਕੀਮ ਨੂੰ ਚਾਲੂ ਰੱਖਣਾ ਜਰੂਰੀ ਹੈ।

ਸਾਈਕਲ ਸਕੀਮ ਸਿਰਫ 9ਵੀਂ ਤੋਂ 12ਵੀਂ ਕਲਾਸ ਵਿੱਚ ਪੜ੍ਹ ਰਹੇ ਬੱਚਿਆਂ ਲਈ ਉਪੱਲਬਧ ਹੈ ਨਾ ਕਿ ਸਾਧਾਰਨ ਲਾਭਪਾਤਰੀ ਲਈ। ਇਸ ਲਈ ਇਹ ਸਕੀਮ education assistance ਵਾਸਤੇ ਹੈ ਅਤੇ education ਸਕੀਮ ਦਾ ਹੀ ਹਿਸਾ ਹੈ। ਇਸ ਨੂੰ ਧਾਰਾ 22 ਦੀ ਕਲਾਜ 1(e) ਅਤੇ ਕਲਾਜ 1(h) ਹੇਠ ਜਾਰੀ ਰੱਖਿਆ ਜਾਵੇ।

ਔਜਾਰ ਖਰੀਦਣ ਲਈ ਦਿੱਤੀ ਜਾਣ ਵਾਲੀ 3000/- ਰੁਪਏ ਦੀ ਵਿੱਤੀ ਸਹਾਇਤਾ, ਸਕਿਲ ਡਿਵੈਲਪਮੈਂਟ ਸਕੀਮ ਦਾ ਹਿੱਸਾ ਹੈ। ਭਾਰਤ ਸਰਕਾਰ ਦੇ ਨਿਰਦੇਸ਼ ਵਿੱਚ ਵੀ ਸਕਿਲ ਡਿਵੈਲਪਮੈਂਟ ਤੇ ਖਰਚਾ ਕਰਨ ਲਈ ਕਿਹਾ ਹੈ। ਇਸ ਲਈ ਇਹ ਸਕੀਮ ਸਕਿਲ ਡਿਵੈਲਪਮੈਂਟ ਦੇ ਹਿੱਸੇ ਵਜੋਂ ਚਾਲੂ ਰੱਖੀ ਜਾਵੇ।

ਇਸੇ ਤਰ੍ਹਾਂ ਲੜੀ ਨੰ: 10 ਤੇ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਸਕੀਮ ਦਾ ਮੰਤਵ ਉਸਾਰੀ ਕਿਰਤੀਆਂ ਨੂੰ ਰਾਜ ਵਿੱਚ ਰਹਿਣ ਲਈ ਠਿਕਾਣਾ ਮੁਹਈਆ ਕਰਵਾਉਣਾ ਹੈ। ਇਸ ਤਰ੍ਹਾਂ ਇਹ ਸਕੀਮ ਧਾਰਾ 22(1)(h) ਅਧੀਨ ਕਵਰ ਹੁੰਦੀ ਹੈ ਅਤੇ ਧਾਰਾ 22 (1)(c) ਵਿੱਚ ਦਿੱਤੇ ਉਦੇਸ਼ ਦੀ ਪ੍ਰਤੀ ਪੂਰਤੀ ਲਈ ਜਰੂਰੀ ਹੈ, ਕਿਉਂ ਜ਼ੋ ਹਰ ਕਿਰਤੀ ਮਕਾਨ ਦੀ ਉਸਾਰੀ ਨਹੀਂ ਕਰ ਸਕਦਾ, ਖਾਸ ਕਰ ਉਹ ਜ਼ੋ ਪ੍ਰਵਾਸੀ ਮਜਦੂਰ ਹਨ ਅਤੇ ਪੰਜਾਬ ਵਿੱਚ ਥੋੜ੍ਹੇ ਸਮੇਂ ਲਈ ਆਉਂਦੇ ਹਨ।

ਲੜੀ ਨੰ: 1 ਤੇ ਐਲ.ਟੀ.ਸੀ ਸਕੀਮ ਕਿਰਤੀਆਂ ਦੇ ਮਨੋਰੰਜਨ ਅਤੇ ਜੀਵਨ ਮਿਆਰ ਉੱਚਾ ਚੁੱਕਣ ਲਈ ਜਰੂਰੀ ਹੈ ਅਤੇ ਇਹ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਕਿਉਂ ਜ਼ੋ ਉਪਰੋਕਤ ਭਲਾਈ ਸਕੀਮਾਂ ਐਕਟ ਦੀ ਧਾਰਾ 22(1)(h) ਦੇ ਦਾਇਰੇ ਵਿੱਚ ਆਉਂਦੀਆਂ ਹਨ, ਇਸ ਲਈ ਇਨ੍ਹਾਂ ਸਕੀਮਾਂ ਨੂੰ ਚਾਲੂ ਰੱਖਿਆ ਜਾਣਾ ਚਾਹੀਦਾ ਹੈ। ਮੌਕੇ ਤੇ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕੇਂਦਰ ਸਰਕਾਰ ਦੁਆਰਾ ਜਾਰੀ Executive order ਮਿਤੀ 9.9.2015 ਅਤੇ ਉਸ ਉਪਰੰਤ ਜਾਰੀ ਪੱਤਰ ਮਿਤੀ 23.9.2015 ਅਤੇ 8.10.2015 ਨੂੰ ਮੁੱਖ ਰੱਖਦੇ ਹੋਏ ਸਪਸ਼ਟ ਕੀਤਾ ਗਿਆ ਕਿ ਭਾਰਤ ਸਰਕਾਰ ਵਲੋਂ ਸੁਝਾਵਤ ਭਲਾਈ ਸਕੀਮਾਂ ਤੇ ਖਰਚਾ ਕਰਨ ਉਪਰੰਤ, ਸੈਸ ਫੰਡ ਵਿਚੋਂ ਬਕਾਇਆ ਰਾਸ਼ੀ ਐਕਟ ਦੀ ਧਾਰਾ 22 ਵਿੱਚ ਦਰਜ ਹੋਰ ਭਲਾਈ ਸਕੀਮਾਂ ਤੇ ਖਰਚ ਕਰਨ ਦੀ ਕੋਈ ਮਨਾਹੀ ਨਹੀਂ ਹੈ। ਬੋਰਡ ਦੀ ਮਾਲੀ ਹਾਲਤ ਬਹੁਤ ਵਧੀਆ ਹੈ।Mandatory ਸਕੀਮਾਂ ਲਾਗੂ ਕਰਨ ਉਪਰੰਤ ਵੀ ਬੋਰਡ ਕੋਲ ਕਾਫੀ ਪੈਸਾ ਜਮ੍ਹਾ ਰਾਸ਼ੀ ਦੇ ਤੋਰ ਤੋਂ ਬਚੇਗਾ, ਜਿਸ ਨੂੰ ਉਪਰੋਕਤ ਸਕੀਮਾਂ ਤੇ ਲਾਗੂ ਕਰਨਾ ਯੋਗ ਹੋਵੇਗਾ। ਇਸ ਲਈ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਉਪਰੋਕਤ ਭਲਾਈ ਸਕੀਮਾਂ ਨੂੰ ਚਾਲੂ ਰੱਖਿਆ ਜਾਣਾ ਚਾਹੀਦਾ ਹੈ। ਇਸ ਨਾਲ ਬੋਰਡ ਵਲੋਂ ਸਰਵ ਸਹਿਮਤੀ ਪ੍ਰਗਟ ਕੀਤੀ ਗਈ।

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਵਲੋਂ ਉਸਾਰੀ ਕਿਰਤੀਆਂ ਦੀ ਭਲਾਈ ਲਈ ਹੇਠ ਦੱਸੀਆਂ ਸਕੀਮਾਂ ਭਵਿੱਖ ਵਿੱਚ ਬਣਾਏ ਜਾਣ ਦੀ ਤਜਵੀਜ ਹੈ:-

1) **Construction of Mobile Toilets.**
2) **Providing Tentage houses at construction sites.**
3) **Providing Cluster Toilets in residential colonies where majority of construction workers reside.**
4) **Providing Creches for children of women workers at construction sites.**

5) **Financial assistance to 21 Urban Primary Health Centre of Punjab Health Department in slum areas.**

ਇਸ ਸਬੰਧੀ ਵਿਚਾਰ ਵਟਾਂਦਰੇ ਉਪਰੰਤ ਮੈਂਬਰ ਸਾਹਿਬਾਨ ਵਲੋਂ ਪ੍ਰੇਖਣ ਕੀਤਾ ਗਿਆ ਕਿ ਕਿਉਂ ਜ਼ੋ ਕੰਸਟਰਕਸ਼ਨ ਸਾਈਟਾਂ ਉੱਤੇ ਉਕਤ ਲੜੀ ਨੰ: 1, 2 ਅਤੇ 4 ਤੇ ਦੱਸੀਆਂ ਸੁਵੀਧਾਵਾਂ ਅਰਥਾਤ**"Mobile Toilets", "Tentage Houses"**and**"Creches for children of women workers"**ਮੁਹੱਈਆ ਕਰਵਾਉਣਾ ਇੰਪਲਾਈਅਰ ਦੀ ਜਿੰਮੇਵਾਰੀ ਹੈ, ਇਸ ਲਈ ਇਨ੍ਹਾਂ ਮੁੱਦਿਆਂ ਸਬੰਧੀ ਬੋਰਡ ਵਲੋਂ ਭਲਾਈ ਸਕੀਮ ਬਨਾਉਣ ਦੀ ਜਰੂਰਤ ਨਹੀਂ ਅਤੇ ਇਨ੍ਹਾਂ ਮੁੱਦਿਆਂ ਸਬੰਧੀ ਬੀ.ਓ.ਸੀ. ਐਕਟ ਦੇ ਉਪਬੰਧਾਂ ਅਨੁਸਾਰ ਪਾਲਣਾ ਕਰਵਾਉਣ ਲਈ ਕਿਰਤ ਵਿਭਾਗ ਨੂੰ ਲਿਖਿਆ ਜਾਣਾ ਯੋਗ ਹੋਵੇਗਾ, ਜਿਸ ਬਾਰੇ ਬੋਰਡ ਵਲੋ ਸਹਿਮਤੀ ਪ੍ਰਗਟ ਕੀਤੀ ਗਈ। ਜਿਥੋਂ ਤੱਕ ਲੜੀ ਨੰ: 3 ਅਤੇ 5 ਤੇ ਦੱਸੀਆਂ ਸੁਵੀਧਾਵਾਂ ਅਰਥਾਤ **"Cluster toilets in residential colonies of construction workers"** and **"Financial assistance to 21 Urban Primary Health Centre of Punjab Health Department in slum areas"**ਦਾ ਸਬੰਧ ਹੈ, ਇਨ੍ਹਾਂ ਬਾਰੇ ਨਵੀਆਂ ਭਲਾਈ ਸਕੀਮਾਂ ਬਨਾਉਣ ਦੀ ਬੋਰਡ ਵਲੋਂ ਪ੍ਰਵਾਨਗੀ ਦਿਤੀ ਗਈ। ਇਸ ਦੇ ਨਾਲ ਹੀ ਬੋਰਡ ਵਲੋਂ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ ਅਤੇ ਮੋਬਾਈਲ ਲੈਬ ਸਕੀਮ ਨੂੰ ਵੀ ਚਾਲੂ ਰੱਖਣ ਦੀ ਪ੍ਰਵਾਨਗੀ ਦਿਤੀ ਗਈ। ਕਿਉਂ ਜੋ ਇਹ ਸਕੀਮਾਂ ਹੈਲਥ ਸਕੀਮ ਅਤੇ ਐਜੂਕੇਸ਼ਨ ਸਕੀਮਾ ਦਾ ਹਿੱਸਾ ਹਨ। ਲੋਕਲ/ ਪ੍ਰਵਾਸੀ ਮਜਦੂਰਾਂ ਲਈ cluster toilet ਜਰੂਰੀ ਹਨ, ਕਿਉਂ ਜ਼ੋ ਉਨ੍ਹਾਂ ਦੇ ਨਿਵਾਸ ਤੇ toilet ਮੁਹਈਆ ਕਰਵਾਉਣਾ ਇੰਪਲਾਇਰ ਦੀ ਜਿੰਮੇਵਾਰੀ ਨਹੀਂ ਹੈ। ਇਸ ਲਈ ਉਨ੍ਹਾਂ ਦੀ ਸਿਹਤ ਦੀ ਸੰਭਾਲ ਲਈ ਸਾਫ ਵਾਤਾਵਰਣ ਹੋਣਾ ਜਰੂਰੀ ਹੈ। ਇਸ ਲਈ ਇਹ ਸਕੀਮ 22 (1) (h) ਅਧੀਨ ਕਵਰ ਹੁੰਦੀ ਹੈ।

ਅਜੰਡਾ ਆਈਟਮ ਨੰ: 7 ਤੇ ਵਿਚਾਰ ਵਟਾਂਦਰੇ ਦੋਰਾਨ **ਅਨੁਲੱਗ 'ਅ'** ਵਿੱਚ ਬੋਰਡ ਦੀਆਂ ਪ੍ਰਵਾਨਤ ਭਲਾਈ ਸਕੀਮਾਂ ਦੀ ਸੂਚੀ ਨੂੰ ਵਾਚਣ ਉਪਰੰਤ ਭਾਰਤ ਸਰਕਾਰ ਕਿਰਤ ਮੰਤਰਾਲੇ ਦੇ ਨੁਮਾਇੰਦੇ ਸ੍ਰੀ ਨਵਦੀਪ ਸੂਦ, ਡਿਪਟੀ ਚੀਫ ਲੇਬਰ ਕਮਿਸ਼ਨਰ ਵਲੋਂ ਇਹ ਨੁਕਤਾ ਉਠਾਇਆ ਗਿਆ ਕਿ ਲੜੀ ਨੰ: 11 ਤੇ **Mentally retarded children benefit scheme** ਹੇਠ ਲਿਖੇ ਅਨੁਸਾਰ ਬਣਾਈ ਗਈ ਹੈ:-

**"Financial Assistance Scheme for the care of mentally retarded or handicapped children of construction workers @ 20,000/- per year."**

ਸ੍ਰੀ ਨਵਦੀਪ ਸੂਦ ਜੀ ਵਲੋਂ ਪ੍ਰੇਖਣ ਕੀਤਾ ਗਿਆ ਕਿ ਇਸ ਸਕੀਮ ਵਿੱਚ ਸ਼ਬਦ children ਵਰਤਿਆ ਗਿਆ ਹੈ ਜਦਕਿ ਲਾਭਪਾਤਰੀ ਕਿਰਤੀ ਦੇ ਵੱਡੀ ਉਮਰ ਦੇ ਬੱਚੇ ਵੀ ਮਾਨਸਿਕ ਰੋਗ ਗ੍ਰਸਤ ਜਾਂ ਅਪੰਗਤਾ ਦੇ ਸ਼ਿਕਾਰ ਹੋ ਸਕਦੇ ਹਨ ਜਿਨ੍ਹਾਂ ਦੀ ਦੇਖ ਭਾਲ ਕਰਨਾ ਮਾਂ ਬਾਪ ਦੀ ਜਿੰਮੇਵਾਰੀ ਬਣਦੀ ਹੈ। ਉਨ੍ਹਾਂ ਵਲੋਂ ਸੁਝਾ ਦਿਤਾ ਗਿਆ ਕਿ ਇਸ ਸਕੀਮ ਵਿੱਚ children ਸ਼ਬਦ ਦੇ ਨਾਲ (son/daughter) ਲਿਖਣਾ ਵਾਜਬ ਹੋਵੇਗਾ ਤਾਂ ਜ਼ੋ ਇਸ ਸਕੀਮ ਨੂੰ ਲਾਗੂ ਕਰਨ ਵਿੱਚ ਕਿਸੇ ਪ੍ਰਕਾਰ ਦੀ ਕੋਈ ਅੜਚਨ ਪੈਦਾ ਨਾ ਹੋਵੇ। ਬੋਰਡ ਵਲੋਂ ਇਸ ਸਬੰਧੀ ਲੋੜੀਂਦੀ ਸੋਧ ਕਰਨ ਦੀ ਪ੍ਰਵਾਨਗੀ ਦਿਤੀ ਗਈ।

ਜਿਥੋਂ ਤੱਕ ਕੇਂਦਰ ਸਰਕਾਰ ਵਲੋਂ ਜਾਰੀ ਕੀਤੇ Executive order ਵਿੱਚ ਦਿਤੇ ਨਿਰਦੇਸ਼ਾਂ ਅਤੇ ਮਾਨਯੋਗ ਸੁਪਰੀਮ ਕੋਰਟ ਵਲੋਂ ਸਮੇਂ ਸਮੇਂ ਸਿਰ ਦਿਤੇ ਆਦੇਸ਼ਾਂ ਅਨੁਸਾਰ ਇਨ੍ਹਾਂ ਸਕੀਮਾਂ ਨੂੰ ਚਾਲੂ ਰੱਖਣ ਦਾ ਸਬੰਧ ਹੈ, ਇਸ ਬਾਰੇ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਇਨ੍ਹਾਂ ਸਕੀਮਾਂ ਨੂੰ ਚਾਲੂ ਰੱਖਿਆ ਜਾਵੇ ਅਤੇ ਲੋੜ ਪੈਣ ਤੇ ਕੇਂਦਰ ਸਰਕਾਰ ਅਤੇ ਮਾਨਯੋਗ ਸੁਪਰੀਮ ਕੋਰਟ ਨੂੰ ਇਨ੍ਹਾਂ ਸਕੀਮਾਂ ਬਾਰੇ justification ਦੇ ਦਿਤੀ ਜਾਵੇ।

**18ਵੀਂ ਮੀਟਿੰਗ ਸਪਲੀਮੈਂਟਰੀ ਅਜੰਡਾ ਆਈਟਮਨੰ:1** — **ਕਿਰਤ ਵਿਭਾਗ ਵਲੋਂ ਕਿਰਤ ਇੰਸਪੈਕਟਰ ਗ੍ਰੇਡ-2 ਦੀ ਅਸਾਮੀ ਦਾ ਨਾਅ ਬਦਲਕੇ ਲੇਬਰ ਇੰਨਫੋਰਸਮੈਂਟ ਅਫਸਰ ਕਰਨ ਉਪਰੰਤ ਉਨ੍ਹਾਂ ਅਸਾਮੀਆਂ ਵਿਰੱਧ ਤੈਨਾਤ ਅਧਿਕਾਰੀਆਂ ਨੂੰ ਬਤੋਰ 'ਰਜਿਸਟ੍ਰਿੰਗ ਅਫਸਰ' ਨਿਯੁਕਤ ਕਰਨ ਲਈ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ ਪੰਜਾਬ ਬੀ.ਓ.ਸੀ. ਡਬਲਿਯੂ ਰੂਲਜ਼ 2008 ਦੇ ਰੂਲ 260(4) ਅਧੀਨ ਉਸਾਰੀ ਕਿਰਤੀਆਂ ਦੀ ਲਾਭਪਾਤਰੀ ਵਜੋਂ ਰਜਿਸਟ੍ਰੇਸ਼ਨ ਕਰਨ ਲਈ ਕਿਰਤ ਵਿਭਾਗ ਪੰਜਾਬ ਦੇ ਲੇਬਰ ਇੰਨਫੋਰਸਮੈਂਟ ਅਫਸਰ ਗ੍ਰੇਡ-1 ਅਤੇ ਗ੍ਰੇਡ-2 ਨੂੰ ਬਤੋਰ **ਰਜਿਸਟ੍ਰਿੰਗ ਅਫਸਰ** ਨਿਯੁਕਤ ਕਰਨ ਦੀ ਪ੍ਰਵਾਨਗੀ ਦਿਤੀ ਗਈ।

ਮਾਨਯੋਗ ਚੈਅਰਮੈਨ ਜੀ ਦੇ ਧੰਨਵਾਦ ਦੇ ਮਤੇ ਨਾਲ ਮੀਟਿੰਗ ਸਮਾਪਤ ਹੋਈ।